






**ਅੰਦਰਲੀ ਖ਼ਬਰ**
ਸੀਨੀਅਰ ਬਲੈਕ ਓਕ ਕਲੱਬ ਬਰੈਂਪਟਨ ਵੱਲੋਂ ਕਰਵਾਇਆ ਵਿਸਾਖੀ ਦਿਹਾੜੇ ਨੂੰ ਸਮਰਪਿਤ ਸਮਾਰੋਹ 04

**ਅੰਦਰਲੀ ਖ਼ਬਰ**
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ 'ਚ ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਉੱਪਰ ਹੋਈ ਸਾਰਥਿਕ ਚਰਚਾ 07





ਪੰਨਾ ਨੰ.:6 **ਲੇਖ**
ਠਾਕੀਆਂ ਜੀਭਾਂ ਵਾਲੇ !





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 22 ਮਈ ਤੋਂ 28 ਮਈ, 2025 | Email :- editor@punjabstar.com, Vo. 20. Issue:1186


# ਗਾਜ਼ਾ 'ਚ ਇਜ਼ਰਾਈਲ ਨੇ ਕੀਤੇ ਤਾਬੜਤੋੜ ਹਮਲੇ, 85 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਗਾਜ਼ਾ ਪੱਟੀ ਵਿੱਚ ਰਾਤ ਭਰ ਇਜ਼ਰਾਈਲੀ ਹਮਲਿਆਂ ਵਿੱਚ ਘੱਟੋ-ਘੱਟ 85 ਲੋਕ ਮਾਰੇ ਗਏ ਹਨ। ਫਲਸਤੀਨੀ ਸਿਹਤ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਵੱਧਦੀ ਅੰਤਰਰਾਸ਼ਟਰੀ ਨਿੰਦਾ ਦੇ ਬਾਵਜੂਦ ਇਜ਼ਰਾਈਲ ਨੇ ਹਮਾਸ ਵਿਰੁੱਧ ਆਪਣੀ ਜੰਗ ਤੇਜ਼ ਕਰ ਦਿੱਤੀ ਹੈ। ਇਜ਼ਰਾਈਲੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਓਰਨ ਮਾਰਮੋਰਸਟਾਈਨ ਨੇ ਕਿਹਾ ਕਿ ਮੰਗਲਵਾਰ ਦੁਪਹਿਰ ਨੂੰ ਸਹਾਇਤਾ ਸਮੱਗਰੀ ਲੈ ਕੇ ਜਾਣ ਵਾਲੇ ਦਰਜਨਾਂ ਟਰੱਕ ਕੇਰੇਮ ਸ਼ਾਲੋਮ ਕਰਾਸਿੰਗ ਰਾਹੀਂ ਗਾਜ਼ਾ ਵਿੱਚ ਦਾਖਲ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਟਰੱਕਾਂ ਵਿੱਚ ਆਟਾ, ਕਮਿਊਨਿਟੀ ਰਸੋਈਆਂ ਲਈ ਭੋਜਨ, ਬੱਚਿਆਂ ਲਈ ਭੋਜਨ ਅਤੇ ਡਾਕਟਰੀ ਸਪਲਾਈ ਲੱਦੀ ਹੋਈ ਸੀ। ਹਾਲਾਂਕਿ, ਸੰਯੁਕਤ ਰਾਸ਼ਟਰ (ਯੂ. ਐੱਨ.) ਦਾ ਕਹਿਣਾ ਹੈ ਕਿ ਗਾਜ਼ਾ ਵਿੱਚ ਰਾਹਤ ਸਮੱਗਰੀ ਦੀ ਨਵੀਂ ਸਪਲਾਈ ਸ਼ੁਰੂ ਹੋਣ ਤੋਂ ਦੋ ਦਿਨ ਬਾਅਦ ਵੀ ਫਲਸਤੀਨੀਆਂ ਤੱਕ ਕੋਈ ਸਹਾਇਤਾ ਨਹੀਂ ਪਹੁੰਚੀ ਹੈ।

ਗਾਜ਼ਾ ਲਗਭਗ ਤਿੰਨ ਮਹੀਨਿਆਂ ਤੋਂ ਇਜ਼ਰਾਈਲੀ ਨਾਕਾਬੰਦੀ ਦਾ ਸਾਹਮਣਾ ਕਰ ਰਿਹਾ ਹੈ। ਅੰਤਰਰਾਸ਼ਟਰੀ ਦਬਾਅ ਤੋਂ ਬਾਅਦ ਇਜ਼ਰਾਈਲ ਇਸ ਹਫ਼ਤੇ ਫਲਸਤੀਨੀ ਖੇਤਰਾਂ ਵਿੱਚ * ਬਾਕੀ ਸਫਾ 2 'ਤੇ

## ਅਮਰੀਕਾ 'ਚ ਮੁੜ ਵਾ-ਵਰੋਲਿਆਂ ਦਾ ਕਹਿਰ, 28 ਮੌਤਾਂ

### ਟੈਕਸਸ ਵਿਚ ਮੋਟੇ ਮੋਟੇ ਗੜਿਆਂ ਨੇ ਕੀਤਾ ਭਾਰੀ ਨੁਕਸਾਨ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਅਮਰੀਕਾ ਵਾ-ਵਰੋਲਿਆਂ ਦਾ ਕਹਿਰ ਸੋਮਵਾਰ ਨੂੰ ਵੀ ਜਾਰੀ ਰਿਹਾ ਅਤੇ ਓਕਲਾਹੋਮਾ ਤੇ ਨੇਬਰਾਸਕਾ ਵਿਚ ਚਾਰ ਟੌਰਨੈਡੋਜ਼ ਤਬਾਹੀ ਮਚਾਈ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ 28 ਹੋ ਚੁੱਕੀ ਹੈ ਅਤੇ ਦਰਜਨਾਂ ਹੋਰ ਜ਼ਖਮੀ ਦੱਸੇ ਜਾ ਰਹੇ ਹਨ। ਓਕਲਾਹੋਮਾ ਦੇ ਮੈਕਅਲਸਟਰ ਸ਼ਹਿਰ ਨੇੜੇ ਆਏ ਟੌਰਨੈਡੋ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਵੱਡੇ ਵੱਡੇ ਟਰੱਕਾਂ ਦਾ ਵੀ ਕੋਈ ਜ਼ੋਰ ਨਾ ਚੱਲਿਆ ਅਤੇ ਖਤਾਨਾਂ ਵਿਚ ਜਾ ਡਿੱਗੇ। ਬਿਜਲੀ ਦੇ ਖੰਭੇ ਪੁੱਟੇ ਗਏ ਅਤੇ ਅੰਤਮ ਰਿਪੋਰਟ ਮਿਲਣ ਤੱਕ ਓਕਲਾਹੋਮਾ, ਅਰਕੰਸਾ, ਮਜ਼ੂਰੀ ਤੇ ਕੈਨਸਸ ਵਿਖੇ 1 ਲੱਖ 25 ਹਜ਼ਾਰ ਤੋਂ ਵੱਧ ਘਰ ਦੀ ਬਿਜਲੀ ਗੁੱਲ ਸੀ। ਟੈਕਸਸ ਦੇ ਉਤਰੀ ਇਲਾਕਿਆਂ * ਬਾਕੀ ਸਫਾ 2 'ਤੇ

# 'ਕੈਨੇਡਾ ਅਮਰੀਕਾ ਦੇ 'ਗੋਲਡਨ ਡੋਮ' ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਉਤਸੁਕ'



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਵਿੱਖ ਦੇ 'ਗੋਲਡਨ ਡੋਮ ਮਿਜ਼ਾਈਲ' ਰੱਖਿਆ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਬਾਰੇ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ। ਇਹ ਬਹੁ-ਪੜਾਅ ਪ੍ਰਣਾਲੀ, ਜਿਸਦੀ ਕੁੱਲ ਲਾਗਤ 175 ਬਿਲੀਅਨ ਅਮਰੀਕੀ ਡਾਲਰ ਹੈ, ਪਹਿਲੀ ਵਾਰ ਅਮਰੀਕੀ ਹਥਿਆਰਾਂ ਨੂੰ ਪੁਲਾੜ ਵਿੱਚ ਲੈ ਜਾਵੇਗੀ। ਟਰੰਪ ਨੂੰ ਉਮੀਦ ਸੀ ਕਿ ਇਹ ਪ੍ਰਣਾਲੀ 2029 ਵਿੱਚ ਉਨ੍ਹਾਂ ਦੇ ਕਾਰਜਕਾਲ ਦੇ ਅੰਤ ਤੱਕ ਪੂਰੀ ਤਰ੍ਹਾਂ ਲਾਗੂ ਹੋ ਜਾਵੇਗੀ।

ਕਾਰਨੀ ਨੇ ਕਿਹਾ,"ਇਹ ਕੈਨੇਡਾ ਲਈ ਇੱਕ ਚੰਗਾ ਵਿਚਾਰ ਹੈ। ਕੈਨੇਡੀਅਨਾਂ ਦੀ ਸੁਰੱਖਿਆ ਲਈ ਕਦਮ ਚੁੱਕਣਾ ਚੰਗੀ ਗੱਲ ਹੈ।" ਉਨ੍ਹਾਂ ਇਸ ਸਬੰਧ ਵਿੱਚ ਟਰੰਪ ਨਾਲ ਹੋਈ ਗੱਲਬਾਤ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਟਰੰਪ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਨੇ ਉਨ੍ਹਾਂ ਦੇ ਪ੍ਰਸ਼ਾਸਨ ਨਾਲ ਸੰਪਰਕ ਕਰਕੇ ਸੰਕੇਤ ਦਿੱਤਾ ਹੈ ਕਿ ਉਹ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੁੰਦੀ ਹੈ ਅਤੇ ਉਹ ਕੈਨੇਡਾ ਵੱਲੋਂ ਢੁਕਵਾਂ ਯੋਗਦਾਨ ਪਾਉਣ ਨੂੰ ਯਕੀਨੀ ਬਣਾਉਣ ਲਈ ਓਟਾਵਾ ਨਾਲ ਕੰਮ ਕਰਨਗੇ।

'ਗੋਲਡਨ ਡੋਮ' ਸੰਭਾਵੀ ਹਮਲੇ ਦੇ ਚਾਰੇ ਪ੍ਰਮੁੱਖ ਪੜਾਵਾਂ 'ਤੇ ਮਿਜ਼ਾਈਲਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਰੋਕਣ ਲਈ ਜ਼ਮੀਨੀ ਅਤੇ ਪੁਲਾੜ ਅਧਾਰਤ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦੀ ਕਲਪਨਾ ਕਰਦਾ ਹੈ। ਇਹ * ਬਾਕੀ ਸਫਾ 2 'ਤੇ

# ਅਮਰੀਕਾ : 3.5 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ ਸੁਪਰੀਮ ਕੋਰਟ ਦੀ ਹਰੀ ਝੰਡੀ

* ਸਰਬਉਚ ਅਦਾਲਤ ਨੇ ਟਰੰਪ ਸਰਕਾਰ ਦੇ ਹੱਕ 'ਚ ਸੁਣਾਇਆ ਫ਼ੈਸਲਾ
* 7 ਲੱਖ ਤੋਂ ਵੱਧ ਪ੍ਰਵਾਸੀਆਂ ਨੂੰ ਕੁੜਿੱਕੀ ਵਿਚ ਫਸਾਉਣ ਦੀ ਯੋਜਨਾ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੀ ਸੁਪਰੀਮ ਕੋਰਟ ਨੇ 3.5 ਲੱਖ ਪ੍ਰਵਾਸੀਆਂ ਨੂੰ ਸਿੱਧੇ ਤੌਰ 'ਤੇ ਡਿਪੋਰਟ ਕਰਨ ਲਈ ਟਰੰਪ ਸਰਕਾਰ ਨੂੰ ਹਰੀ ਝੰਡੀ ਦੇ ਦਿਤੀ ਹੈ। ਟੈਂਪਰੇਰੀ ਪ੍ਰੋਟੈਕਟਡ ਸਟੇਟਸ ਕਾਰਨ ਇਨ੍ਹਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨਾ ਔਖਾ ਹੋ ਰਿਹਾ ਸੀ ਪਰ ਸਰਬਉਚ ਅਦਾਲਤ ਦੇ ਫੈਸਲੇ ਮਗਰੋਂ ਕੋਈ ਅੜਿੱਕਾ ਬਾਕੀ ਨਹੀਂ ਬਚਿਆ। ਬਗੈਰ ਦਸਤਖਤ ਵਾਲੇ ਅਦਾਲਤੀ ਹੁਕਮਾਂ ਵਿਚ ਟੈਂਪਰੇਰੀ ਪ੍ਰੋਟੈਕਟਡ ਸਟੇਟਸ ਹਟਾਉਣ ਬਾਰੇ ਕਿਸੇ ਠੋਸ ਆਧਾਰ ਦਾ ਜ਼ਿਕਰ ਨਹੀਂ ਕੀਤਾ ਗਿਆ। ਅਮਰੀਕਾ ਵਿਚ ਟੈਂਪਰੇਰੀ ਪ੍ਰੋਟੈਕਟਡ ਸਟੇਟਸ 1990 ਵਿਚ ਲਿਆਂਦਾ ਗਿਆ ਅਤੇ ਇਸ ਅਧੀਨ ਆਪਣੇ ਜੱਦੀ ਮੁਲਕਾਂ ਵਿਚ ਅਸੁਰੱਖਿਅਤ ਲੋਕਾਂ ਨੂੰ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿਤੀ ਜਾਂਦੀ ਸੀ।

ਬਾਇਡਨ ਸਰਕਾਰ ਵੱਲੋਂ ਵੈਨੇਜ਼ੁਏਲਾ ਨਾਲ ਸਬੰਧਤ ਸਾਢੇ * ਬਾਕੀ ਸਫਾ 2 'ਤੇ

# ਬਲੋਚਿਸਤਾਨ 'ਚ ਬੱਸ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਧਮਾਕੇ ਵਿੱਚ 3 ਬੱਚਿਆਂ ਸਮੇਤ 5 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ ਵਿੱਚ ਬੁੱਧਵਾਰ ਨੂੰ ਇੱਕ ਸਕੂਲ ਬੱਸ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਬੰਬ ਧਮਾਕੇ ਵਿੱਚ ਤਿੰਨ ਬੱਚਿਆਂ ਸਮੇਤ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ।

ਪਾਕਿਸਤਾਨੀ ਫੌਜ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਘਟਨਾ ਖੁਜ਼ਦਾਰ ਜ਼ਿਲ੍ਹੇ ਵਿੱਚ ਵਾਪਰੀ, ਜਿੱਥੇ ਸਕੂਲੀ ਬੱਚਿਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਨੂੰ ਨਿਸ਼ਾਨਾ ਬਣਾਇਆ ਗਿਆ।

ਫੌਜ ਨੇ ਹਮਲੇ ਨੂੰ "ਕਾਇਰਤਾਪੂਰਨ" ਅਤੇ "ਬੇਰਹਿਮ" ਦੱਸਿਆ, ਕਿਹਾ ਕਿ ਤਿੰਨ ਬੱਚੇ ਅਤੇ ਦੋ ਬਾਲਗ ਮਾਰੇ ਗਏ, ਜਦੋਂ ਕਿ ਕਈ ਹੋਰ ਬੱਚੇ ਜ਼ਖਮੀ ਹੋ ਗਏ।

ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਧਮਾਕਾ ਕਥਿਤ ਤੌਰ 'ਤੇ ਇੱਕ ਵਾਹਨ ਵਿੱਚ ਲਗਾਏ ਗਏ ਇੱਕ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (IED) ਕਾਰਨ ਹੋਇਆ ਸੀ।

'ਡਾਨ' ਅਖਬਾਰ ਦੀ ਰਿਪੋਰਟ ਅਨੁਸਾਰ, ਖੁਜ਼ਦਾਰ ਦੇ ਡਿਪਟੀ ਕਮਿਸ਼ਨਰ ਯਾਸੀਰ ਇਕਬਾਲ ਦਸ਼ਤੀ ਨੇ ਕਿਹਾ ਕਿ ਧਮਾਕਾ ਜ਼ੀਰੋ ਪੁਆਇੰਟ ਨੇੜੇ ਹੋਇਆ ਜਿਸ ਵਿੱਚ 38 ਲੋਕ ਜ਼ਖਮੀ ਹੋਏ ਹਨ। ਸ਼ੁਰੂਆਤੀ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ * ਬਾਕੀ ਸਫਾ 2 'ਤੇ

# ਭਾਰਤੀ ਵਿਦਿਆਰਥੀਆਂ ਲਈ ਦਰਵਾਜ਼ੇ ਬੰਦ ਕਰ ਰਿਹਾ ਕੈਨੇਡਾ

## ਸਟੱਡੀ ਪਰਮਿਟ 'ਚ ਭਾਰੀ ਗਿਰਾਵਟ



(ਪੰਜਾਬ ਸਟਾਰ ਬਿਊਰੋ)
ਕੈਨੇਡਾ ਵਿਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰਨ ਵਿੱਚ ਵੱਡੀਆਂ ਕਟੌਤੀਆਂ ਕੀਤੀਆਂ ਹਨ। 2025 ਦੀ ਪਹਿਲੀ ਤਿਮਾਹੀ ਵਿੱਚ ਭਾਰਤੀ ਵਿਦਿਆਰਥੀ ਪਰਮਿਟਾਂ ਵਿੱਚ 31% ਦੀ ਕਟੌਤੀ ਕੀਤੀ ਗਈ। ਜਨਵਰੀ ਤੋਂ ਮਾਰਚ 2025 ਦਰਮਿਆਨ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 44,295 ਸੀ। ਇਹ ਗਿਰਾਵਟ ਅਜਿਹੇ ਸਮੇਂ ਦਰਜ ਕੀਤੀ ਗਈ ਹੈ ਜਦੋਂ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀਆਂ ਲਗਾਤਾਰ ਵਧ ਰਹੀਆਂ ਹਨ।

ਕੈਨੇਡੀਅਨ ਸਰਕਾਰ ਦੀਆਂ ਨਵੀਆਂ ਨੀਤੀਆਂ ਅਤੇ ਪਾਬੰਦੀਆਂ ਕਾਰਨ ਨਾ ਸਿਰਫ਼ ਭਾਰਤ ਤੋਂ ਸਗੋਂ ਦੂਜੇ ਦੇਸ਼ਾਂ ਤੋਂ ਵੀ ਵਿਦਿਆਰਥੀ ਵੀਜ਼ਾ ਦਰਾਂ ਘਟੀਆਂ ਹਨ। 2024 ਦੀ ਪਹਿਲੀ ਤਿਮਾਹੀ ਵਿੱਚ ਕੁੱਲ 1,21,070 ਸਟੱਡੀ * ਬਾਕੀ ਸਫਾ 2 'ਤੇ

# ਅਮਰੀਕਾ ਨੇ ਭਾਰਤ ਦੀਆਂ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਏਜੰਸੀਆਂ 'ਤੇ ਸ਼ਿਕੰਜਾ ਕੱਸਿਆ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਸੰਯੁਕਤ ਰਾਜ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿੱਚ ਗੈਰਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਭਾਰਤ ਸਥਿਤ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕ ਰਿਹਾ ਹੈ ਜੋ ਜਾਣਬੁੱਝ ਕੇ ਅਮਰੀਕਾ ਵਿਚ * ਬਾਕੀ ਸਫਾ 2 'ਤੇ


**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।



**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ
* ਪਾਵਰ ਆਫ ਸੇਲ ਨੋਟਿਸ ?
* ਗਾਰਨਿਸ਼ਮੈਂਟ?
* ਬੈਂਕ ਵਲੋਂ ਪੈਸੇ ਦੀ ਮੰਗ ?
* ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131





Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7





BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
* Auto Accident
* Family Member Claims
* Pedestrian Hit Accident
* Short & Long-Term Disability
* Slip & Fall
* CPP Disability
* Bicycle Accident
* Wrongful Death & Fata accidents



FOR ALL YOUR REAL ESTATE NEEDS





Harjit Brar
Sales Representative
416-417-6010





ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned & Operated
Ph: 905-456-9090





Vik Mehmi
Broker
416-500-6262

# ਸੈਲਫ਼ ਡਿਪੋਰਟ ਪ੍ਰਵਾਸੀਆਂ ਦਾ ਪਹਿਲਾ ਜਹਾਜ਼ ਅਮਰੀਕਾ ਤੋਂ ਰਵਾਨਾ

## ਇਕ-ਇਕ ਹਜ਼ਾਰ ਡਾਲਰ ਵੱਟੇ ਅਮਰੀਕਾ ਛੱਡ ਗਏ 64 ਪ੍ਰਵਾਸੀ



ਹਿਊਸਟਨ : ਇਕ-ਇਕ ਹਜ਼ਾਰ ਡਾਲਰ ਦੇ ਡੈਬਿਟ ਕਾਰਡ ਲੈ ਕੇ 64 ਪ੍ਰਵਾਸੀਆਂ ਦਾ ਪਹਿਲਾ ਗਰੁੱਪ ਸੋਮਵਾਰ ਨੂੰ ਸੈਲਫ਼ ਡਿਪੋਰਟ ਹੋ ਗਿਆ। ਟੈਕਸਸ ਦੇ ਹਿਊਸਟਨ ਹਵਾਈ ਅੱਡੇ ਤੋਂ ਰਵਾਨਾ ਹੋਏ ਜਹਾਜ਼ ਦੀ ਵੀਡੀਓ ਟਰੰਪ ਸਰਕਾਰ ਵੱਲੋਂ ਸਾਂਝੀ ਕੀਤੀ ਗਈ ਹੈ। ਸੈਲਫ਼ ਡਿਪੋਰਟ ਹੋਏ ਪ੍ਰਵਾਸੀਆਂ ਵਿਚ 19 ਬੱਚੇ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਭਵਿੱਖ ਵਿਚ ਕਿਸੇ ਦਿਨ ਅਮਰੀਕਾ ਆਉਣ ਦੀ ਇਜਾਜ਼ਤ ਦਿਤੇ ਜਾਣ ਦਾ ਲਾਰਾ ਵੀ ਲਾਇਆ ਗਿਆ ਹੈ। ਚਾਰ ਬੱਚੇ ਅਜਿਹੇ ਵੀ ਸਨ ਜਿਨ੍ਹਾਂ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਉਨ੍ਹਾਂ ਨੂੰ ਸਿਟੀਜ਼ਨਸ਼ਿਪ ਮਿਲ ਚੁੱਕੀ ਹੈ ਪਰ ਮਾਪਿਆਂ ਨੇ ਆਪਣੇ ਦਿਲ ਦੇ ਟੁਕੜਿਆਂ ਨੂੰ ਇਕੱਲਾ ਨਾ ਛੱਡਣ ਦਾ ਫੈਸਲਾ ਲਿਆ।

ਟਰੰਪ ਸਰਕਾਰ ਨੂੰ ਮਹਿਸੂਸ ਹੋ ਚੁੱਕਾ ਹੈ ਕਿ ਪ੍ਰਵਾਸੀਆਂ ਦੇ ਸੈਲਫ਼ ਡਿਪੋਰਟ ਹੋਣ ਨਾਲ ਬੇਹੱਦ ਮਾਮੂਲੀ ਖਰਚਾ ਆਵੇਗਾ ਜਦਕਿ ਫੜ ਫੜ ਕੇ ਡਿਪੋਰਟ ਕਰਨ 'ਤੇ ਔਸਤਨ 17 ਹਜ਼ਾਰ ਡਾਲਰ ਪ੍ਰਤੀ ਪ੍ਰਵਾਸੀ ਖਰਚ ਕਰਨੇ ਪੈ ਰਹੇ ਹਨ। ਅਜਿਹੇ ਵਿਚ ਇਕ ਹਜ਼ਾਰ ਡਾਲਰ ਨਕਦ ਅਤੇ ਟਿਕਟ ਬੁੱਕ ਕਰਵਾਉਣ ਤੋਂ ਬਾਅਦ ਵੀ ਸਰਕਾਰ ਵੱਡੇ ਫਾਇਦੇ ਵਿਚ ਰਹੇਗੀ। ਗ੍ਰਹਿ ਸੁਰੱਖਿਆ ਵਿਭਾਗ ਮੁਤਾਬਕ ਨਵੀਂ ਸਕੀਮ ਰਾਹੀਂ ਪ੍ਰਵਾਸੀਆਂ ਦੀ ਫੜੋ ਫੜੀ 'ਤੇ ਹੋਣ ਵਾਲਾ 70 ਫੀ ਸਦੀ ਖਰਚਾ ਬਚਾਇਆ ਜਾ ਸਕਦਾ ਹੈ। ਜੋਅ ਬਾਇਡਨ ਦੇ ਕਾਰਜਕਾਲ ਵੇਲੇ ਸੀ.ਬੀ.ਪੀ. ਐਪ ਦੀ ਵਰਤੋਂ ਕਰਦਿਆਂ 9 ਲੱਖ 30 ਹਜ਼ਾਰ ਤੋਂ ਵੱਧ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋਏ ਅਤੇ ਹੁਣ ਇਹ ਸਾਰੇ ਟਰੰਪ ਸਰਕਾਰ ਦੇ ਨਿਸ਼ਾਨੇ 'ਤੇ ਹਨ। ਦੂਜੇ ਪਾਸੇ ਡਿਪੋਰਟੇਸ਼ਨ ਹੁਕਮਾਂ ਦੇ ਬਾਵਜੂਦ ਅਮਰੀਕਾ ਛੱਡ ਕੇ ਜਾਣ ਤੋਂ ਨਾਂਹ ਕਰਨ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮੋਟੇ ਜੁਰਮਾਨੇ ਵੀ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਫਲੋਰੀਡਾ ਦੀ ਇਕ ਔਰਤ ਨੂੰ 18 ਲੱਖ ਡਾਲਰ ਡਾਲਰ ਜੁਰਮਾਨੇ ਦਾ ਨੋਟਿਸ ਪੁੱਜ ਗਿਆ ਜਿਸ ਨੂੰ ਡਿਪੋਰਟੇਸ਼ਨ ਹੁਕਮ ਜਾਰੀ ਹੋਣ ਤੋਂ ਹੁਣ ਤੱਕ ਰੋਜ਼ਾਨਾ 500 ਡਾਲਰ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਗਿਆ ਹੈ। ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਿਭਾਗ ਦੇ ਅੰਕੜਿਆਂ ਮੁਤਾਬਕ ਇੰਮੀਗ੍ਰੇਸ਼ਨ ਅਦਾਲਤਾਂ ਵੱਲੋਂ ਤਕਰੀਬਨ 14 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ।

# ਹਾਲੇ ਵੀ ਪੰਜ ਸਾਲਾਂ ਲਈ ਟੈਸਲਾ ਦਾ ਸੀਈਓ ਬਣਨ ਲਈ ਵਚਨਬੱਧ: ਮਸਕ



ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅੱਜ ਕਿਹਾ ਕਿ ਉਹ ਪੰਜ ਸਾਲਾਂ ਦੇ ਸਮੇਂ ਲਈ ਟੈਸਲਾ ਦੇ ਸੀਈਓ ਬਣਨ ਲਈ ਵਚਨਬੱਧ ਹਨ। ਇਸ ਵੇਲੇ ਕਾਰਾਂ ਬਣਾਉਣ ਵਾਲੀ ਕੰਪਨੀ ਨੂੰ ਖਪਤਕਾਰਾਂ ਤੇ ਕੀਮਤਾਂ ਦੇ ਦਬਾਅ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨਾਲ ਕੰਮ ਕਰਦਿਆਂ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਸਕ ਨੇ ਪਿਛਲੇ ਹਫ਼ਤੇ ਟਰੰਪ ਦੀ ਮੱਧ ਪੂਰਬ ਯਾਤਰਾ ਦੇ ਹਿੱਸੇ ਵਜੋਂ ਦੋਹਾ ਦੀ ਯਾਤਰਾ ਤੋਂ ਬਾਅਦ ਬਲੂਮਬਰਗ ਵਲੋਂ ਕਤਰ ਵਿਚ ਕਰਵਾਏ ਇਕ ਸਮਾਗਮ ਦਾ ਵੀਡੀਓ ਸ਼ੇਅਰ ਕੀਤਾ ਸੀ। ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵੀ ਉਸ ਵੱਲੋਂ ਟੈਸਲਾ ਨਾਲ ਕੰਮ ਕਰਨ ਬਾਰੇ ਸਵਾਲਾਂ ਦੀ ਝੜੀ ਲਾਈ ਗਈ। ਉਸ ਨੂੰ ਪੁੱਛਿਆ, 'ਕੀ ਤੁਸੀਂ ਆਪਣੇ ਆਪ ਨੂੰ ਹਾਲੇ ਵੀ ਪੰਜ ਸਾਲਾਂ ਦੇ ਸਮੇਂ ਵਿੱਚ ਟੈਸਲਾ ਦੇ ਮੁੱਖ ਕਾਰਜਕਾਰੀ ਬਣਨ ਲਈ ਵਚਨਬੱਧ ਹੋ।' ਤਾਂ ਮਸਕ ਨੇ ਇਸ ਦਾ ਜਵਾਬ ਹਾਂ ਵਿੱਚ ਦਿੱਤਾ।

# ਵਿਸ਼ਵ ਸਿਹਤ ਅਸੈਂਬਲੀ: ਪੀਐਮ ਮੋਦੀ ਵੱਲੋਂ ਦੇਸ਼ਾਂ ਨੂੰ ਯੋਗ ਦਿਵਸ 'ਚ ਹਿੱਸਾ ਲੈਣ ਦਾ ਸੱਦਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਤੋਂ ਜਨੇਵਾ ਵਿੱਚ ਵਿਸ਼ਵ ਸਿਹਤ ਅਸੈਂਬਲੀ ਦੇ 78ਵੇਂ ਸੈਸ਼ਨ ਨੂੰ ਸੰਬੋਧਨ ਕੀਤਾ। ਉਨ੍ਹਾਂ ਭਾਰਤ ਦੀ ਆਯੂਸ਼ਮਾਨ ਭਾਰਤ ਯੋਜਨਾ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਇਹ ਦੁਨੀਆ ਦਾ ਸਭ ਤੋਂ ਵੱਡਾ ਸਿਹਤ ਬੀਮਾ ਪ੍ਰੋਗਰਾਮ ਹੈ ਜੋ 58 ਕਰੋੜ ਲੋਕਾਂ ਨੂੰ ਕਵਰ ਕਰਦਾ ਹੈ ਅਤੇ ਉਨ੍ਹਾਂ ਨੂੰ ਮੁਫਤ ਇਲਾਜ ਪ੍ਰਦਾਨ ਕਰਦਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਅੰਤਰਰਾਸ਼ਟਰੀ ਯੋਗ ਦਿਵਸ ਵਿੱਚ ਹਿੱਸਾ ਲੈਣ ਲਈ ਦੇਸ਼ਾਂ ਨੂੰ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜੂਨ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਆ ਰਿਹਾ ਹੈ। ਉਨ੍ਹਾਂ ਕਿਹਾ, 'ਮੈਂ WHO ਅਤੇ ਸਾਰੇ ਮੈਂਬਰ ਦੇਸ਼ਾਂ ਨੂੰ INB ਸੰਧੀ ਦੀ ਸਫਲਤਾ 'ਤੇ ਵਧਾਈ ਦਿੰਦਾ ਹਾਂ। ਇਹ ਭਵਿੱਖ ਦੀਆਂ ਮਹਾਂਮਾਰੀ ਨਾਲ ਵਧੇਰੇ ਸਹਿਯੋਗ ਨਾਲ ਲੜਨ ਦੀ ਸਾਂਝੀ ਵਚਨਬੱਧਤਾ ਹੈ। ਆਓ ਇਹ ਯਕੀਨੀ ਬਣਾਈਏ ਕਿ ਕੋਈ ਵੀ ਪਿੱਛੇ ਨਾ ਰਹੇ।'

# ਇਜ਼ਰਾਈਲੀ ਦੂਤਘਰ ਦੇ ਦੋ ਕਰਚਮਾਰੀਆਂ ਦੀ ਅਮਰੀਕਾ 'ਚ ਹੱਤਿਆ




ਵਾਸ਼ਿੰਗਟਨ : ਵਾਸ਼ਿੰਗਟਨ ਵਿੱਚ ਇਜ਼ਰਾਈਲੀ ਦੂਤਘਰ ਦੇ ਦੋ ਕਰਮਚਾਰੀਆਂ ਦੀ ਬੁੱਧਵਾਰ ਸ਼ਾਮ ਨੂੰ ਇੱਕ ਯਹੂਦੀ ਅਜਾਇਬ ਘਰ ਨੇੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਗ੍ਰਹਿ ਮੰਤਰੀ ਕ੍ਰਿਸਟੀ ਨੋਏਮ ਨੇ ਇਹ ਜਾਣਕਾਰੀ ਦਿੱਤੀ। ਨੋਏਮ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਕਿ 'ਕੈਪੀਟਲ ਯਹੂਦੀ ਅਜਾਇਬ ਘਰ' ਦੇ ਬਾਹਰ ਹੋਈ ਗੋਲੀਬਾਰੀ ਵਿੱਚ ਦੋ ਕਰਮਚਾਰੀ ਮਾਰੇ ਗਏ। ਇਹ ਅਜਾਇਬ ਘਰ ਦੇਸ਼ ਦੀ ਰਾਜਧਾਨੀ ਵਿੱਚ ਐਫ.ਬੀ.ਆਈ ਦੇ ਫੀਲਡ ਦਫ਼ਤਰ ਤੋਂ ਥੋੜ੍ਹੀ ਦੂਰੀ 'ਤੇ ਸਥਿਤ ਹੈ। ਅਟਾਰਨੀ ਜਨਰਲ ਪੈਮ ਬੋਂਡੀ ਨੇ ਕਿਹਾ ਕਿ ਉਹ ਸਾਬਕਾ ਜੱਜ ਜੀਨੀਨ ਪੀਰੋ ਦੇ ਨਾਲ ਘਟਨਾ ਸਥਾਨ 'ਤੇ ਸੀ। ਪੀਰੋ ਵਾਸ਼ਿੰਗਟਨ ਵਿੱਚ ਅਮਰੀਕੀ ਵਕੀਲ ਵਜੋਂ ਸੇਵਾ ਨਿਭਾਉਂਦਾ ਹੈ। ਸੰਯੁਕਤ ਰਾਸ਼ਟਰ ਵਿੱਚ ਇਜ਼ਰਾਈਲ ਦੇ ਰਾਜਦੂਤ ਡੈਨੀ ਡੈਨਨ ਨੇ ਗੋਲੀਬਾਰੀ ਨੂੰ "ਯਹੂਦੀ-ਵਿਰੋਧੀ ਅੱਤਵਾਦ ਦਾ ਘਿਣਾਉਣਾ ਕੰਮ" ਕਿਹਾ। ਪੁਲਿਸ ਨੇ ਬੁੱਧਵਾਰ ਦੇਰ ਰਾਤ ਤੱਕ ਗੋਲੀਬਾਰੀ ਦੀ ਘਟਨਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਨਹੀਂ ਦਿੱਤੀ ਸੀ। ਡੈਨਨ ਨੇ ਯ 'ਤੇ ਇੱਕ ਪੋਸਟ ਵਿੱਚ ਕਿਹਾ,"ਸਾਨੂੰ ਭਰੋਸਾ ਹੈ ਕਿ ਅਮਰੀਕੀ ਅਧਿਕਾਰੀ ਇਸ ਅਪਰਾਧਿਕ ਕਾਰਵਾਈ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨਗੇ।" ਇਜ਼ਰਾਈਲ ਦੁਨੀਆ ਭਰ ਵਿੱਚ ਆਪਣੇ ਨਾਗਰਿਕਾਂ ਅਤੇ ਪ੍ਰਤੀਨਿਧੀਆਂ ਦੀ ਸੁਰੱਖਿਆ ਲਈ ਦ੍ਰਿੜਤਾ ਨਾਲ ਕੰਮ ਕਰਨਾ ਜਾਰੀ ਰੱਖੇਗਾ।

# ਪੇਜ ਇੱਕ ਦੀ ਬਾਕੀ

## ਗਾਜ਼ਾ 'ਚ ਇਜ਼ਰਾਈਲ ਨੇ...

"ਘੱਟੋ-ਘੱਟ" ਸਹਾਇਤਾ ਦੀ ਆਗਿਆ ਦੇਣ ਲਈ ਸਹਿਮਤ ਹੋ ਗਿਆ। ਇਸਨੇ ਹਮਾਸ ਅੱਤਵਾਦੀ ਸਮੂਹ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਵਿੱਚ ਭੋਜਨ, ਦਵਾਈ ਅਤੇ ਬਾਲਣ ਦੇ ਪ੍ਰਵੇਸ਼ ਨੂੰ ਰੋਕ ਦਿੱਤਾ ਸੀ। ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਭਾਵੇਂ ਗਾਜ਼ਾ ਵਿੱਚ ਰਾਹਤ ਸਮੱਗਰੀ ਪਹੁੰਚ ਗਈ ਹੈ, ਪਰ ਸਹਾਇਤਾ ਕਰਮਚਾਰੀ ਉਨ੍ਹਾਂ ਨੂੰ ਵੰਡ ਸਥਾਨਾਂ 'ਤੇ ਨਹੀਂ ਪਹੁੰਚਾ ਸਕੇ ਕਿਉਂਕਿ ਇਜ਼ਰਾਈਲੀ ਬਲਾਂ ਨੇ ਉਨ੍ਹਾਂ ਨੂੰ ਸਪਲਾਈ ਨੂੰ ਵੱਖਰੇ ਟਰੱਕਾਂ ਵਿੱਚ ਲੋਡ ਕਰਨ ਲਈ ਮਜਬੂਰ ਕੀਤਾ।

ਮਾਰਮੋਰਸਟਾਈਨ ਨੇ ਕਿਹਾ ਕਿ ਇਜ਼ਰਾਈਲ ਹਰ ਰੋਜ਼ ਮਨੁੱਖੀ ਸਹਾਇਤਾ ਲੈ ਕੇ ਜਾਣ ਵਾਲੇ ਦਰਜਨਾਂ ਟਰੱਕਾਂ ਨੂੰ ਗਾਜ਼ਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ, ਹਾਲਾਂਕਿ ਇਹ ਗਿਣਤੀ ਪਿਛਲੀ ਜੰਗਬੰਦੀ ਦੌਰਾਨ ਰੋਜ਼ਾਨਾ ਦਾਖਲ ਹੋਣ ਵਾਲੇ 600 ਟਰੱਕਾਂ ਨਾਲੋਂ ਬਹੁਤ ਘੱਟ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਨੇ ਸਹਿਯੋਗੀਆਂ ਦੇ ਦਬਾਅ ਕਾਰਨ ਸੀਮਤ ਸਹਾਇਤਾ ਦੀ ਇਜਾਜ਼ਤ ਦਿੱਤੀ। ਹਾਲ ਹੀ ਦੇ ਸਮੇਂ ਵਿੱਚ ਇਜ਼ਰਾਈਲ ਨੇ ਇਸ ਖੇਤਰ ਵਿੱਚ ਇੱਕ ਹੋਰ ਵੱਡਾ ਹਮਲਾ ਕੀਤਾ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਹਮਲਿਆਂ ਦਾ ਉਦੇਸ਼ ਹਮਾਸ 'ਤੇ ਦਬਾਅ ਪਾਉਣਾ ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਵਾਪਸ ਕਰੇ ਜਿਨ੍ਹਾਂ ਨੂੰ ਉਸਨੇ ਬੰਧਕ ਬਣਾਇਆ ਹੋਇਆ ਹੈ ਅਤੇ ਸਮੂਹ ਨੂੰ ਤਬਾਹ ਕਰ ਦੇਵੇ। ਜਿਵੇਂ-ਜਿਵੇਂ ਨਵੇਂ ਹਮਲੇ ਤੇਜ਼ ਹੁੰਦੇ ਗਏ, ਇਜ਼ਰਾਈਲ ਢਾਈ ਮਹੀਨਿਆਂ ਦੀ ਨਾਕਾਬੰਦੀ ਤੋਂ ਬਾਅਦ ਯੁੱਧ ਪ੍ਰਭਾਵਿਤ ਖੇਤਰ ਵਿੱਚ ਸੀਮਤ ਸਹਾਇਤਾ ਦੀ ਆਗਿਆ ਦੇਣ ਲਈ ਸਹਿਮਤ ਹੋ ਗਿਆ। ਨਾਕਾਬੰਦੀ ਕਾਰਨ ਖੇਤਰ ਵਿੱਚ ਭੋਜਨ, ਦਵਾਈ, ਬਾਲਣ ਅਤੇ ਹੋਰ ਸਪਲਾਈ ਦੀ ਪਹੁੰਚ ਵਿੱਚ ਵਿਘਨ ਪਿਆ ਸੀ। ਇਜ਼ਰਾਈਲ ਦੇ ਵਿਵਹਾਰ ਦੀ ਆਲੋਚਨਾ ਸੋਮਵਾਰ ਨੂੰ ਤੇਜ਼ ਹੋ ਗਈ ਜਦੋਂ ਸਹਿਯੋਗੀ ਦੇਸ਼ਾਂ ਕੈਨੇਡਾ, ਫਰਾਂਸ ਅਤੇ ਬ੍ਰਿਟੇਨ ਨੇ ਦੇਸ਼ ਵਿਰੁੱਧ "ਠੋਸ ਕਾਰਵਾਈ" ਦੀ ਧਮਕੀ ਦਿੱਤੀ, ਜਿਸ ਵਿੱਚ ਪਾਬੰਦੀਆਂ ਵੀ ਸ਼ਾਮਲ ਹਨ, ਅਤੇ ਇਜ਼ਰਾਈਲ ਨੂੰ ਗਾਜ਼ਾ ਵਿੱਚ ਆਪਣੀਆਂ ਨਵੀਆਂ ਫੌਜੀ ਕਾਰਵਾਈਆਂ ਨੂੰ ਰੋਕਣ ਦੀ ਮੰਗ ਕੀਤੀ।

## ਅਮਰੀਕਾ 'ਚ ਮੁੜ,...

ਵਿਚ ਗੜਿਆਂ ਦਾ ਆਕਾਰ ਸਾਢੇ ਚਾਰ ਇੰਚ ਤੋਂ ਮੋਟਾ ਰਿਹਾ ਅਤੇ ਵੱਡੀ ਗਿਣਤੀ ਵਿਚ ਗੱਡੀਆਂ ਨੁਕਸਾਨੀਆਂ ਗਈਆਂ। ਕੈਂਟਕੀ ਸੂਬੇ 'ਤੇ ਸਭ ਤੋਂ ਵੱਧ ਮਾਰ ਗਈ ਹੈ ਜਿਥੇ ਘੱਟੋ ਘੱਟ 19 ਜਣਿਆਂ ਦੀ ਮੌਤ ਹੋ ਚੁੱਕੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਵੀ ਮੌਸਮੀ ਗੜਬੜੀ ਜਾਰੀ ਰਹਿਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਹੈ। ਇਕ ਪਾਸੇ ਜਿਥੇ ਲੋਕ ਉਜਾੜੇ ਦਾ ਸ਼ਿਕਾਰ ਹੋ ਗਏ ਤਾਂ ਦੂਜੇ ਪਾਸੇ ਚੋਰ ਲੁਟੇਰਿਆਂ ਨੇ ਮੌਕੇ ਦਾ ਫਾਇਦਾ ਉਠਾਉਣਾ ਸ਼ੁਰੂ ਕਰ ਦਿਤਾ। ਕਈ ਸਟੋਰਾਂ ਵਿਚੋਂ ਮਹਿੰਗੀਆਂ ਚੀਜ਼ਾਂ ਚੋਰੀ ਹੋਣ ਦੀ ਰਿਪੋਰਟ ਹੈ।

ਪੁਲਿਸ ਮਹਿਕਮਿਆਂ ਵੱਲੋਂ ਪ੍ਰਭਾਵਤ ਇਲਾਕਿਆਂ ਵਿਚ ਗਸ਼ਤ ਵਧਾਈ ਗਈ ਹੈ ਅਤੇ ਲੋਕਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿਤਾ ਜਾ ਰਿਹਾ ਹੈ। ਕੈਂਟਕੀ ਦੇ ਲੰਡਨ ਸ਼ਹਿਰ ਦੇ ਮੇਅਰ ਰੈਂਡਲ ਵੈਡਲ ਨੇ ਕਿਹਾ ਕਿ ਇਸ ਵੇਲੇ ਮੁੱਖ ਤਰਜੀਹ ਮਲਬੇ ਨੂੰ ਹਟਾਉਣ ਅਤੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਦੀ ਹੈ। ਟੋਰਨੈਡੋ ਤੋਂ ਵਾਲ-ਵਾਲੇ ਬਚੇ ਲੋਕਾਂ ਨੇ ਦੱਸਿਆ ਕਿ ਹਵਾਵਾਂ ਦੀ ਰਫ਼ਤਾਰ ਐਨੀ ਜ਼ਿਆਦਾ ਸੀ ਕਿ ਸਭ ਕੁਝ ਉਡਾ ਕੇ ਲੈ ਗਈਆਂ। ਦੋ ਦਿਨ ਪਹਿਲਾਂ ਜਿਥੇ ਘਰ ਨਜ਼ਰ ਆ ਰਹੇ ਸਨ, ਉਥੇ ਹੁਣ ਮਲਬੇ ਦੇ ਨਾਂ 'ਤੇ ਕੁਝ ਇੱਟਾਂ ਰੋੜੇ ਹੀ ਬਚੇ ਹਨ। ਦੂਜੇ ਪਾਸੇ ਕੈਲੇਫੋਰਨੀਆ ਵਿਚ ਸੋਮਵਾਰ ਨੂੰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਬੇਕਰਜ਼ਫੀਲਡ ਤੋਂ 21 ਮੀਲ ਦੱਖਣ ਵੱਲ 2.5 ਤੀਬਰਤਾ ਤੋਂ 3.8 ਤੀਬਰਤਾ ਵਾਲਾ ਭੂਚਾਲ ਆਇਆ। ਅਮਰੀਕਾ ਦੇ ਜੀਓਲੌਜੀਕਲ ਸਰਵੇਅ ਮੁਤਾਬਕ ਇਸ ਇਲਾਕੇ ਵਿਚ 100 ਸਾਲ ਦੌਰਾਨ ਸਿਰਫ਼ ਵਾਰ ਭੂਚਾਲ ਆਉਂਦਾ ਹੈ ਅਤੇ ਆਖਰੀ ਵਾਰ 1857 ਵਿਚ 7.9 ਤੀਬਰਾ ਵਾਲੇ ਭੂਚਾਲ ਨੇ ਮਾਰ ਕੀਤੀ ਸੀ।

## 'ਕੈਨੇਡਾ ਅਮਰੀਕਾ ਦੇ...

ਚਾਰ ਪੜਾਅ ਹਨ - ਲਾਂਚ ਤੋਂ ਪਹਿਲਾਂ ਮਿਜ਼ਾਈਲ ਦਾ ਪਤਾ ਲਗਾਉਣਾ ਅਤੇ ਨਸ਼ਟ ਕਰਨਾ, ਉਡਾਣ ਦੇ ਸ਼ੁਰੂਆਤੀ ਪੜਾਵਾਂ ਵਿੱਚ ਇਸਨੂੰ ਰੋਕਣਾ, ਇਸਨੂੰ ਹਵਾ ਵਿੱਚ ਰੋਕਣਾ ਜਾਂ ਆਖਰੀ ਮਿੰਟਾਂ ਵਿੱਚ ਇਸਨੂੰ ਰੋਕਣਾ ਜਦੋਂ ਇਹ ਨਿਸ਼ਾਨੇ ਵੱਲ ਜਾ ਰਹੀ ਹੋਵੇ। ਕਾਰਨੀ ਨੇ ਕਿਹਾ,"ਅਸੀਂ ਇਸ 'ਤੇ ਵਿਚਾਰ ਕਰ ਰਹੇ ਹਾਂ ਅਤੇ ਇਸ 'ਤੇ ਬਹੁਤ ਉੱਚ ਪੱਧਰ 'ਤੇ ਚਰਚਾ ਕੀਤੀ ਗਈ ਹੈ।" ਕਾਰਨੀ ਨੇ ਚੇਤਾਵਨੀ ਦਿੰਦੇ ਹੋਏ ਕਿ ਕੈਨੇਡਾ ਨੂੰ "ਨੇੜਲੇ ਭਵਿੱਖ" ਵਿੱਚ ਸੰਭਾਵੀ ਮਿਜ਼ਾਈਲ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਅਮਰੀਕਾ : 3.5 ਲੱਖ...

ਤਿੰਨ ਲੱਖ ਪ੍ਰਵਾਸੀਆਂ ਦੇ ਟੀ.ਪੀ.ਐਸ. ਵਿਚ ਡੇਢ ਸਾਲ ਦਾ ਵਾਧਾ ਕੀਤਾ ਗਿਆ ਪਰ ਬੀਤੇ ਫ਼ਰਵਰੀ ਮਹੀਨੇ ਦੌਰਾਨ ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਬਾਇਡਨ ਸਰਕਾਰ ਦੇ ਹੁਕਮ ਰੱਦ ਕਰ ਦਿਤੇ। ਇਸ ਮਗਰੋਂ ਕਾਨੂੰਨੀ ਜੰਗ ਛਿੜ ਗਈ ਅਤੇ ਜ਼ਿਲ੍ਹਾ ਜੱਜ ਐਡਵਰਡ ਚੈਨ ਵੱਲੋਂ ਟਰੰਪ ਸਰਕਾਰ ਦੇ ਕਦਮਨੂੰ ਗੈਰਕਾਨੂੰਨੀ ਅਤੇ ਇਕਪਾਸੜ ਕਰਾਰ ਦਿਤਾ ਗਿਆ। ਜ਼ਿਲ੍ਹਾ ਅਦਾਲਤ ਦੇ ਫੈਸਲੇ ਨੂੰ 9ਵੀਂ ਅਪੀਲ ਅਦਾਲਤ ਵਿਚ ਚੁਣੌਤੀ ਦਿਤੀ ਗਈ ਅਤੇ ਉਥੇ ਵੀ ਟਰੰਪ ਸਰਕਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਮਗਰੋਂ ਮਾਮਲਾ ਸੁਪਰੀਮ ਕੋਰਟ ਪੁੱਜਾ ਅਤੇ ਅਦਾਲਤ ਨੂੰ ਸਰਕਾਰ ਦੇ ਮਕਸਦ ਵਿਚ ਕੁਝ ਵੀ ਗਲਤ ਨਜ਼ਰ ਨਾ ਆਇਆ। ਦੂਜੇ ਪਾਸੇ ਟਰੰਪ ਸਰਕਾਰ ਦੇ ਫੈਸਲੇ ਵਿਰੁੱਧ ਕਾਨੂੰਨ ਲੜਾਈ ਲੜਨ ਵਾਲਿਆਂ ਨੇ ਦਾਅਵਾ ਕੀਤਾ ਕਿ ਟੀ.ਪੀ.ਐਸ. ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਇਹ ਰੱਦ ਨਹੀਂ ਕੀਤਾ ਜਾ ਸਕਦਾ। ਤਾਜ਼ਾ ਫੈਸਲੇ ਮਗਰੋਂ ਟਰੰਪ ਸਰਕਾਰ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ ਅਤੇ ਕਿਊਬਾ, ਹੈਤੀ ਤੇ ਨਿਕਾਰਾਗੁਆ ਨਾਲ ਸਬੰਧਤ ਪ੍ਰਵਾਸੀਆਂ ਦੇ ਟੈਂਪਰੇਰੀ ਪ੍ਰੋਟੈਕਟਡ ਸਟੇਟਸ ਰੱਦ ਦੀ ਇੱਛਾ ਜ਼ਾਹਰ ਕੀਤੀ ਗਈ ਹੈ। ਚੇਤੇ ਰਹੇ ਕਿ ਟਰੰਪ ਸਰਕਾਰ ਆਪਣੇ ਪਹਿਲੇ ਚਾਰ ਮਹੀਨੇ ਦੇ ਕਾਰਜਕਾਲ ਦੌਰਾਨ 2 ਲੱਖ ਪ੍ਰਵਾਸੀਆਂ ਨੂੰ ਹੀ ਡਿਪੋਰਟ ਕਰ ਸਕੀ ਹੈ ਜਦਕਿ ਬਾਇਡਨ ਦੇ ਕਾਰਜਕਾਲ ਵੇਲੇ ਇਸ ਤੋਂ ਜ਼ਿਆਦਾ ਪ੍ਰਵਾਸੀ ਡਿਪੋਰਟ ਕੀਤੇ ਗਏ। ਟੈਂਪਰੇਰੀ ਪ੍ਰੋਟੈਕਟਡ ਸਟੇਟਸ ਹਟਣ ਮਗਰੋਂ ਲੱਖਾਂ ਦੀ ਗਿਣਤੀ ਵਿਚ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ ਅਤੇ ਇਕ ਸਾਲ ਦੌਰਾਨ 10 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਟੀਚਾ ਤਾਂ ਹੀ ਪੂਰਾ ਹੋ ਸਕੇਗਾ। ਇਸ ਤੋਂ ਪਹਿਲਾਂ ਏਲੀਅਨ ਐਨੀਮੀਜ਼ ਐਕਟ ਅਧੀਨ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਮੁੱਦਾ ਸੁਪਰੀਮ ਕੋਰਟ ਤੱਕ ਪੁੱਜ ਚੁੱਕਾ ਹੈ ਪਰ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਪ੍ਰਵਾਸੀਆਂ ਦਾ ਪੱਖ ਲਿਆ ਅਤੇ ਡਿਪੋਰਟੇਸ਼ਨ ਤੋਂ ਪਹਿਲਾਂ ਉਨ੍ਹਾਂ ਨੂੰ ਅਦਾਲਤ ਵਿਚ ਆਪਣਾ ਪੱਖ ਰੱਖਣ ਦੀ ਇਜਾਜ਼ਤ ਦੇ ਦਿਤੀ ਪਰ ਅਦਾਲਤੀ ਫੈਸਲਾ ਆਉਣ ਤੋਂ ਪਹਿਲਾਂ ਸੈਂਕੜੇ ਪ੍ਰਵਾਸੀਆਂ ਨੂੰ ਅਲ ਸਲਵਾਡੋਰ ਦੇ ਜੇਲ ਵਿਚ ਭੇਜਿਆ ਜਾ ਚੁੱਕਾ ਸੀ ਜਿਨ੍ਹਾਂ ਵਿਚੋਂ ਇਕ ਗਲਤੀ ਨਾਲ ਡਿਪੋਰਟ ਕਿਲਮਰ ਅਬਰੇਗੋ ਵੀ ਹੈ।

## ਬਲੋਚਿਸਤਾਨ 'ਚ ਬੱਸ ਨੂੰ...

ਚਾਰ ਬੱਚਿਆਂ ਦੀ ਮੌਤ ਹੋ ਗਈ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਕੂਲ ਬੱਸ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਅਤੇ ਮਾਸੂਮ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਹਮਲਾਵਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ।

ਉਨ੍ਹਾਂ ਕਿਹਾ, "ਮਾਸੂਮ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਅਪਰਾਧੀਆਂ ਪ੍ਰਤੀ ਕੋਈ ਨਰਮੀ ਨਹੀਂ ਦਿਖਾਈ ਜਾਣੀ ਚਾਹੀਦੀ।" ਹੁਣ ਤੱਕ ਕਿਸੇ ਵੀ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਬਲੋਚਿਸਤਾਨ ਪ੍ਰਾਂਤ, ਜੋ ਕਿ ਈਰਾਨ ਅਤੇ ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ, ਲੰਬੇ ਸਮੇਂ ਤੋਂ ਬਗਾਵਤ ਨਾਲ ਜੂਝ ਰਿਹਾ ਹੈ। ਬਲੋਚ ਅੱਤਵਾਦੀ ਸਮੂਹਾਂ ਨੇ ਪਹਿਲਾਂ ਵੀ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੇ ਪ੍ਰੋਜੈਕਟਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਈ ਹਮਲੇ ਕੀਤੇ ਹਨ। ਸਥਾਨਕ ਬਲੋਚ ਨਸਲੀ ਸਮੂਹਾਂ ਅਤੇ ਰਾਜਨੀਤਿਕ ਪਾਰਟੀਆਂ ਨੇ ਲੰਬੇ ਸਮੇਂ ਤੋਂ ਸੰਘੀ ਸਰਕਾਰ 'ਤੇ ਸੂਬੇ ਦੀ ਖਣਿਜ ਸੰਪਤੀ ਦਾ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਹੈ, ਜਿਸ ਕਾਰਨ ਖੇਤਰ ਵਿੱਚ ਅਸੰਤੁਸ਼ਟੀ ਅਤੇ ਹਿੰਸਾ ਫੈਲੀ ਹੈ।

## ਅਮਰੀਕਾ ਨੇ ਭਾਰਤ...

ਗੈਰ-ਕਾਨੂੰਨੀ ਪਰਵਾਸ ਦੀ ਸਹੂਲਤ ਦਿੰਦੇ ਹਨ।

ਅਮਰੀਕਾ ਨੇ ਕਿਹਾ ਹੈ ਕਿ ਇਹ ਏਜੰਸੀਆਂ ਗੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

## ਭਾਰਤੀ ਵਿਦਿਆਰਥੀਆਂ...

ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ 2025 ਵਿੱਚ ਇਹ ਅੰਕੜਾ ਘੱਟ ਕੇ 96,015 ਰਹਿ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਇਹ ਗਿਰਾਵਟ ਹੋਰ ਵੀ ਡੂੰਘੀ ਹੋਣ ਦੀ ਸੰਭਾਵਨਾ ਹੈ।

### ਕੈਨੇਡਾ ਸਰਕਾਰ ਦਾ ਸਖ਼ਤ ਰਵੱਈਆ

2023 ਦੇ ਆਖਰੀ ਮਹੀਨਿਆਂ ਤੋਂ ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਇਸ ਦੇ ਪਿੱਛੇ ਮੁੱਖ ਕਾਰਨ ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀ ਆਬਾਦੀ, ਰਿਹਾਇਸ਼ ਦੀ ਘਾਟ ਅਤੇ ਸਿਹਤ ਅਤੇ ਆਵਾਜਾਈ ਸਹੂਲਤਾਂ 'ਤੇ ਵਧਦਾ ਦਬਾਅ ਹੈ। 28 ਅਪ੍ਰੈਲ, 2025 ਨੂੰ ਹੋਈਆਂ ਸੰਘੀ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਰਕਾਰ ਵਿੱਚ ਵਾਪਸ ਆਏ ਅਤੇ ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ 2027 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਦੇਸ਼ ਦੀ ਕੁੱਲ ਆਬਾਦੀ ਦੇ 5% ਤੋਂ ਵੱਧ ਨਹੀਂ ਹੋਵੇਗੀ। ਉਨ੍ਹਾਂ ਦਾ ਰੁਖ਼ ਦਰਸਾਉਂਦਾ ਹੈ ਕਿ ਇਸ ਸਮੇਂ ਇਨ੍ਹਾਂ ਨੀਤੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

### 2025 ਅਤੇ 2026 ਲਈ ਵੀਜ਼ਾ ਕੈਪ ਨਿਰਧਾਰਿਤ

ਸਰਕਾਰੀ ਅੰਕੜਿਆਂ ਅਨੁਸਾਰ 2023 ਵਿੱਚ, ਕੈਨੇਡਾ ਨੇ ਕੁੱਲ 6,81,155 ਸਟੱਡੀ ਪਰਮਿਟ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ। ਇਸ ਦੇ ਨਾਲ ਹੀ, 2024 ਵਿੱਚ ਇਹ ਅੰਕੜਾ ਘੱਟ ਕੇ 5,16,275 ਹੋ ਗਿਆ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘੱਟ ਕੇ 1,88,465 ਹੋ ਗਈ। ']ਛਛ (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਨੇ 18 ਸਤੰਬਰ, 2024 ਨੂੰ ਸਪੱਸ਼ਟ ਕੀਤਾ ਸੀ ਕਿ 2025 ਲਈ ਸਟੱਡੀ ਪਰਮਿਟਾਂ ਦੀ ਵੱਧ ਤੋਂ ਵੱਧ ਸੀਮਾ 4,37,000 ਹੋਵੇਗੀ, ਜੋ ਕਿ 2024 ਲਈ 4,85,000 ਦੇ ਟੀਚੇ ਤੋਂ ਬਹੁਤ ਘੱਟ ਹੈ। ਇਹ 'ਸਥਿਰ' ਅੰਕੜਾ 2026 'ਤੇ ਵੀ ਲਾਗੂ ਹੋਵੇਗਾ।

ਕੈਨੇਡੀਅਨ ਸਰਕਾਰ ਨੇ 1 ਜਨਵਰੀ, 2024 ਤੋਂ ਸਟੱਡੀ ਵੀਜ਼ਾ ਲਈ ਵਿੱਤੀ ਯੋਗਤਾ ਸ਼ਰਤਾਂ ਨੂੰ ਵੀ ਸਖ਼ਤ ਕਰ ਦਿੱਤਾ ਹੈ। ਹੁਣ ਇੱਕ ਸਿੰਗਲ ਬਿਨੈਕਾਰ ਨੂੰ ਇਹ ਦਿਖਾਉਣਾ ਹੋਵੇਗਾ ਕਿ ਉਸ ਕੋਲ 20,635 ਕੈਨੇਡੀਅਨ ਡਾਲਰ (ਲਗਭਗ 12.7 ਲੱਖ ਰੁਪਏ) ਦਾ ਫੰਡ ਹੈ, ਜਦੋਂ ਕਿ ਪਹਿਲਾਂ ਇਹ ਸੀਮਾ 10,000 ਕੈਨੇਡੀਅਨ ਡਾਲਰ (ਲਗਭਗ 6.14 ਲੱਖ ਰੁਪਏ) ਸੀ। ਇਸ ਤੋਂ ਇਲਾਵਾ, 7 ਦਸੰਬਰ, 2023 ਨੂੰ, ']ਛਛ ਨੇ ਇਹ ਵੀ ਐਲਾਨ ਕੀਤਾ ਕਿ ਸਾਰੀਆਂ ਨਵੀਆਂ ਅਰਜ਼ੀਆਂ ਵਿੱਚ, ਧਲੀਸ (ਮਨੋਨੀਤ ਸਿਖਲਾਈ ਸੰਸਥਾਵਾਂ) ਨੂੰ ਵਿਦਿਆਰਥੀਆਂ ਦੇ ਸਵੀਕ੍ਰਿਤੀ ਪੱਤਰ ਦੀ ਪੁਸ਼ਟੀ ਕਰਨੀ ਪਵੇਗੀ।

# ਅਮਰੀਕਾ ਦੀ ਸਿਟੀ ਬੱਸ 'ਚ ਭਾਰਤੀ ਨੌਜਵਾਨ ਦਾ ਕਤਲ



ਅਮਰੀਕਾ ਦੇ ਟੈਕਸਾਸ ਰਾਜ ਦੇ ਆਸਟਿਨ ਸ਼ਹਿਰ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਵਿਅਕਤੀ ਨੇ ਬੱਸ ਵਿੱਚ ਯਾਤਰਾ ਕਰ ਰਹੇ ਇੱਕ ਅਜਨਬੀ ਨੂੰ ਸਿਰਫ਼ ਇਸ ਲਈ ਮਾਰ ਦਿੱਤਾ ਕਿਉਂਕਿ ਉਹ ਆਪਣੇ ਚਾਚੇ ਵਰਗਾ ਦਿਖਦਾ ਸੀ। ਇਸ ਮਾਮਲੇ ਵਿੱਚ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਵਿਰੁੱਧ ਪਹਿਲੀ ਡਿਗਰੀ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

ਇਹ ਘਟਨਾ ਸ਼ਾਮ 6:45 ਵਜੇ ਦੇ ਕਰੀਬ ਬੁੱਧਵਾਰ ਨੂੰ ਦੱਖਣੀ ਆਸਟਿਨ ਵਿੱਚ ਦੱਖਣੀ ਲਾਮਰ ਬੁਲੇਵਾਰਡ ਅਤੇ ਬਾਰਟਨ ਸਪ੍ਰਿੰਗਸ ਰੋਡ ਦੇ ਨੇੜੇ ਵਾਪਰੀ। ਆਸਟਿਨ ਪੁਲਿਸ ਵਿਭਾਗ (ਏਪੀਡੀ) ਦੇ ਅਨੁਸਾਰ, ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਇੱਕ ਵਿਅਕਤੀ, 30 ਸਾਲਾ ਅਕਸ਼ੈ ਗੁਪਤਾ, ਨੂੰ ਗੰਭੀਰ ਜ਼ਖ਼ਮੀ ਪਾਇਆ। ਪੁਲਿਸ ਅਤੇ ਮੈਡੀਕਲ ਟੀਮ ਵੱਲੋਂ ਤੁਰੰਤ ਜਾਨ ਬਚਾਉਣ ਦੇ ਯਤਨ ਕੀਤੇ ਗਏ, ਪਰ ਉਸਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਸ਼ਾਮ 7:30 ਵਜੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਦੀ ਪਛਾਣ 31 ਸਾਲਾ ਦੀਪਕ ਕੰਡੇਲ ਵਜੋਂ ਹੋਈ ਹੈ। ਉਸ ਨੇ ਬਿਨਾਂ ਕਿਸੇ ਭੜਕਾਹਟ ਦੇ ਅਕਸ਼ੈ ਗੁਪਤਾ ਦੀ ਗਰਦਨ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਜਦੋਂ ਘਟਨਾ ਤੋਂ ਬਾਅਦ ਬੱਸ ਰੁਕੀ ਤਾਂ ਕੈਂਡਲ ਹੋਰ ਯਾਤਰੀਆਂ ਸਮੇਤ ਬੱਸ ਤੋਂ ਉਤਰ ਗਿਆ ਅਤੇ ਪੈਦਲ ਭੱਜ ਗਿਆ। ਥੋੜ੍ਹੀ ਦੇਰ ਬਾਅਦ, ਪੁਲਿਸ ਨੇ ਉਸ ਨੂੰ ਲੱਭ ਲਿਆ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਪੁੱਛਗਿੱਛ ਦੌਰਾਨ, ਕੰਡੇਲ ਨੇ ਕਬੂਲ ਕੀਤਾ ਕਿ ਉਸ ਨੇ ਗੁਪਤਾ 'ਤੇ ਹਮਲਾ ਸਿਰਫ਼ ਇਸ ਲਈ ਕੀਤਾ ਕਿਉਂਕਿ ਉਹ ਉਸ ਨੂੰ ਆਪਣੇ ਚਾਚੇ ਵਰਗਾ ਲੱਗਦਾ ਸੀ।


REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre





Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service





WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Include
MICHELIN BFGoodrich DUNLOP GOODYEAR HANKOOK Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.




# ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਬੰਬ ਦੀ ਧਮਕੀ!




ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅੱਜ ਸਵੇਰੇ ਬੰਬ ਦੀ ਧਮਕੀ ਮਗਰੋਂ ਅਫ਼ਰਾ ਤਫ਼ਰੀ ਵਾਲਾ ਮਾਹੌਲ ਬਣ ਗਿਆ। ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਫੌਰੀ ਐਡਵਾਈਜ਼ਰੀ ਜਾਰੀ ਕਰਦਿਆਂ ਬਾਰ ਮੈਂਬਰਾਂ ਨੂੰ ਕੋਰਟ ਰੂਮ ਖਾਲੀ ਕਰਨ ਲਈ ਆਖਿਆ ਹੈ। ਬਾਰ ਐਸੋਸੀਏਸ਼ਨ ਨੇ ਨੋਟਿਸ ਵਿਚ ਸਾਰੇ ਮੈਂਬਰਾਂ ਨੂੰ ਚੌਕਸੀ ਵਰਤਣ ਦੀ ਅਪੀਲ ਕਰਦਿਆਂ ਇਹਤਿਆਤੀ ਉਪਰਾਲੇ ਵਜੋਂ ਅਦਾਲਤਾਂ ਨੂੰ ਫੌਰੀ ਖਾਲੀ ਕਰਨ ਦੀ ਬੇਨਤੀ ਕੀਤੀ ਹੈ। ਨੋਟਿਸ ਵਿੱਚ ਲਿਖਿਆ ਹੈ, ''ਜੇ ਕੋਈ ਸ਼ੱਕੀ ਜਾਂ ਲਾਵਾਰਸ ਚੀਜ਼ ਅਹਾਤੇ ਦੇ ਅੰਦਰ ਮਿਲਦੀ ਹੈ ਤਾਂ ਕ੍ਰਿਪਾ ਕਰਕੇ ਫੌਰੀ ਹਾਈ ਕੋਰਟ ਬਾਰ ਐਸੋਸੀਏਸ਼ਨ, ਚੰਡੀਗੜ੍ਹ ਦੇ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।'' ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਗਗਨਦੀਪ ਜੰਮੂ ਨੇ ਇਕ ਸੁਨੇਹੇ ਵਿਚ ਕਿਹਾ ਕਿ ਅਦਾਲਤੀ ਕਾਰਵਾਈ ਬਾਅਦ ਦੁਪਹਿਰ 2:00 ਵਜੇ ਮੁੜ ਸ਼ੁਰੂ ਹੋਵੇਗੀ। ਸੁਰੱਖਿਆ ਕਰਮਚਾਰੀਆਂ ਨੂੰ ਚੌਕਸ ਰਹਿਣ ਦੀ ਹਦਾਇਤ ਕੀਤੀ ਗਈ ਹੈ ਅਤੇ ਇਮਾਰਤ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਨੇ ਫੌਜ ਦੇ ਦਾਅਵੇ ਦਾ ਕੀਤਾ ਖੰਡਨ, ਕੇਂਦਰ ਤੋਂ ਜਾਂਚ ਦੀ ਕੀਤੀ ਮੰਗ



ਅੰਮ੍ਰਿਤਸਰ: ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਤੋਂ ਬਾਅਦ, ਭਾਰਤੀ ਫੌਜ ਨੇ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਨੇ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਫੌਜ ਨੇ ਪਵਿੱਤਰ ਸਥਾਨ 'ਤੇ ਹਵਾਈ ਰੱਖਿਆ ਤੋਪਾਂ ਤਾਇਨਾਤ ਕਰਨ ਦੀ ਇਜਾਜ਼ਤ ਮੰਗੀ ਅਤੇ ਫਿਰ ਉਨ੍ਹਾਂ ਨੂੰ ਤਾਇਨਾਤ ਕਰ ਦਿੱਤਾ। ਪਰ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਨੇ ਫੌਜ ਦੇ ਦਾਅਵਿਆਂ ਦਾ ਖੰਡਨ ਕੀਤਾ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਦੇਸ਼ ਦੌਰੇ 'ਤੇ ਗਏ ਸਨ। ਲੜਾਈ ਖਤਮ ਹੋਣ 'ਤੇ ਉਹ ਵਾਪਸ ਆ ਗਿਆ। ਇਸ ਲਈ, ਫੌਜ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਦੀ ਜਾਂਚ ਹੋਣੀ ਚਾਹੀਦੀ ਹੈ। ਕਿਉਂਕਿ ਸਾਡੇ ਨਾਲ ਕੋਈ ਸੰਪਰਕ ਨਹੀਂ ਹੋਇਆ। ਕੇਂਦਰ ਸਰਕਾਰ ਨੂੰ ਇਸ ਦਾਅਵੇ ਦੀ ਜਾਂਚ ਕਰਨੀ ਚਾਹੀਦੀ ਹੈ। ਮੇਜਰ ਜਨਰਲ ਸ਼ੇਸ਼ਾਦਰੀ ਨੇ ਕਿਹਾ ਕਿ 'ਪਾਕਿਸਤਾਨ ਦਾ ਇਰਾਦਾ ਸ੍ਰੀ ਹਰਿਮੰਦਰ ਸਾਹਿਬ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਾ ਕਰਨਾ ਸੀ।' ਜਿਵੇਂ ਹੀ ਸਾਨੂੰ ਪੁਸ਼ਟੀ ਕੀਤੀ ਜਾਣਕਾਰੀ ਮਿਲੀ, ਅਸੀਂ ਤੁਰੰਤ ਕਾਰਵਾਈ ਕੀਤੀ ਅਤੇ ਆਕਾਸ਼ ਮਿਜ਼ਾਈਲ ਸਿਸਟਮ ਅਤੇ L-70 ਹਵਾਈ ਰੱਖਿਆ ਤੋਪਾਂ ਵਰਗੇ ਆਧੁਨਿਕ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਤਾਇਨਾਤ ਕੀਤਾ। ਨਤੀਜਾ ਇਹ ਹੋਇਆ ਕਿ ਅਸੀਂ ਹਰਿਮੰਦਰ ਸਾਹਿਬ ਨੂੰ ਇੱਕ ਵੀ ਨੁਕਸਾਨ ਨਹੀਂ ਹੋਣ ਦਿੱਤਾ। ਉਨ੍ਹਾਂ ਅੱਗੇ ਚੇਤਾਵਨੀ ਦਿੱਤੀ ਕਿ ਜੇਕਰ ਪਾਕਿਸਤਾਨ ਦੁਬਾਰਾ ਅੱਤਵਾਦੀਆਂ ਦਾ ਸਹਾਰਾ ਲੈਂਦਾ ਹੈ ਤਾਂ ਉਸਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਆਪ੍ਰੇਸ਼ਨ ਸਿੰਦੂਰ ਸਿਰਫ਼ ਮੁਲਤਵੀ ਕੀਤਾ ਗਿਆ ਹੈ, ਖਤਮ ਨਹੀਂ ਹੋਇਆ। ਇਸਦਾ ਅਗਲਾ ਪੜਾਅ ਬਹੁਤ ਜ਼ਿਆਦਾ ਫੈਸਲਾਕੁੰਨ ਅਤੇ ਵੱਡਾ ਹੋਵੇਗਾ।

ਦੱਸਦਈਏ ਕਿ ਇੱਕ ਇੰਟਰਵਿਊ ਦੌਰਾਨ ਭਾਰਤੀ ਫੌਜ ਦੇ ਹਵਾਈ ਰੱਖਿਆ ਮੁਖੀ ਲੈਫਟੀਨੈਂਟ ਜਨਰਲ ਸੁਮੇਰ ਇਵਾਨ ਡੀ'ਕੁੰਹਾ ਨੇ ਦਾਅਵਾ ਕੀਤੀ ਹੈ ਕਿ ਪਾਕਿਸਤਾਨ ਨੇ ਹਰਿਮੰਦਰ ਸਾਹਿਬ 'ਤੇ ਡਰੋਨ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਹਮਲਿਆਂ ਨੂੰ ਰੋਕਣ ਲਈ, ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਖ਼ੁਦ ਕੰਪਲੈਕਸ ਦੇ ਅੰਦਰ ਹਵਾਈ ਰੱਖਿਆ ਤੋਪਾਂ ਤਾਇਨਾਤ ਕਰਨ ਦੀ ਆਗਿਆ ਦੇ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ, ਹਰਿਮੰਦਰ ਸਾਹਿਬ ਦੀਆਂ ਲਾਈਟਾਂ ਵੀ ਬੰਦ ਕਰ ਦਿੱਤੀਆਂ ਗਈਆਂ ਸਨ ਤਾਂ ਜੋ ਭਾਰਤੀ ਫੌਜ ਦੁਸ਼ਮਣ ਦੀਆਂ ਮਿਜ਼ਾਈਲਾਂ ਅਤੇ ਡਰੋਨਾਂ ਦਾ ਬਿਹਤਰ ਢੰਗ ਨਾਲ ਪਤਾ ਲਗਾ ਸਕੇ। ਇਹ ਭਾਰਤੀ ਰੱਖਿਆ ਬਲਾਂ ਨੂੰ ਦੁਸ਼ਮਣ ਦੇ ਡਰੋਨਾਂ ਦੀ ਵਧੇਰੇ ਸਪਸ਼ਟਤਾ ਨਾਲ ਪਛਾਣ ਕਰਨ ਅਤੇ ਉਨ੍ਹਾਂ ਨੂੰ ਡੇਗਣ ਦੀ ਆਗਿਆ ਦਿੰਦਾ ਹੈ। ਇੱਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਕਿ ਕਿਉਂਕਿ ਪਾਕਿਸਤਾਨ ਕੋਲ ਕੋਈ ਜਾਇਜ਼ ਨਿਸ਼ਾਨਾ ਨਹੀਂ ਸੀ, ਸਾਡਾ ਮੰਨਣਾ ਸੀ ਕਿ ਉਹ ਭਾਰਤ ਦੇ ਅੰਦਰ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਲਈ ਨਾਗਰਿਕ ਆਬਾਦੀ ਅਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਏਗਾ। ਅਸੀਂ ਹਰਿਮੰਦਰ ਸਾਹਿਬ ਪ੍ਰਸ਼ਾਸਨ ਨੂੰ ਖ਼ਤਰੇ ਦੀ ਗੰਭੀਰਤਾ ਬਾਰੇ ਸੂਚਿਤ ਕੀਤਾ ਅਤੇ ਉਨ੍ਹਾਂ ਦੇ ਬੇਮਿਸਾਲ ਸਹਿਯੋਗ ਕਾਰਨ, ਦੁਸ਼ਮਣ ਦੇ ਮਨਸੂਬਿਆਂ ਨੂੰ ਨਾਕਾਮ ਕੀਤਾ ਜਾ ਸਕਿਆ।

# ਯੂਰਪੀਅਨ ਯੂਨੀਅਨ ਨੇ ਰੂਸ 'ਤੇ ਫਿਰ ਲਗਾਈਆਂ ਪਾਬੰਦੀਆਂ, 200 ਰੂਸੀ ਕੰਪਨੀਆਂ 'ਤੇ ਪਾਬੰਦੀ ਲਗਾਉਣ ਦੀ ਤਿਆਰੀ



ਯੂਰਪੀਅਨ ਯੂਨੀਅਨ (EU) ਨੇ 20 ਮਈ ਨੂੰ ਰੂਸ 'ਤੇ ਨਵੀਆਂ ਪਾਬੰਦੀਆਂ ਲਗਾਈਆਂ। ਯੂਰਪੀ ਸੰਘ ਦੇ ਉੱਚ ਅਧਿਕਾਰੀ ਕਾਜਾ ਕੈਲਾਸ ਨੇ ਕਿਹਾ ਕਿ ਰੂਸ ਨੇ ਯੂਕਰੇਨ 'ਤੇ ਹਮਲੇ ਬੰਦ ਨਹੀਂ ਕੀਤੇ ਹਨ। ਇਸ ਕਾਰਨ ਰੂਸ ਵਿਰੁੱਧ ਪਾਬੰਦੀਆਂ ਲਗਾਈਆਂ ਗਈਆਂ ਹਨ। ਉਨ੍ਹਾਂ 'ਤੇ ਹੋਰ ਪਾਬੰਦੀਆਂ ਲਗਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਤੋਂ ਪਹਿਲਾਂ 14 ਮਈ ਨੂੰ, ਯੂਰਪੀ ਸੰਘ ਦੇ ਡਿਪਲੋਮੈਟ ਰੂਸ ਵਿਰੁੱਧ 17ਵੇਂ ਪਾਬੰਦੀ ਪੈਕੇਜ 'ਤੇ ਸਹਿਮਤ ਹੋਏ ਸਨ। ਇਸ ਵਿੱਚ ਰੂਸ ਦੇ ਸ਼ੈਡੋ ਫਲੀਟ (ਤੇਲ ਟੈਂਕਰਾਂ ਦੇ ਬੇੜੇ) ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕੀਤੀ ਗਈ ਸੀ। ਯੂਰਪੀ ਸੰਘ ਦੇ ਇੱਕ ਸੀਨੀਅਰ ਅਧਿਕਾਰੀ ਨੇ ਮੀਡੀਆ ਨੂੰ ਦੱਸਿਆ ਕਿ ਰੂਸੀ ਫ਼ੌਜੀ ਉਦਯੋਗਿਕ ਕੰਪਲੈਕਸ ਨਾਲ ਜੁੜੇ ਲਗਭਗ 200 ਰੂਸੀ ਜਹਾਜ਼ਾਂ, 30 ਕੰਪਨੀਆਂ ਅਤੇ 75 ਵਿਅਕਤੀਆਂ ਅਤੇ ਸੰਗਠਨਾਂ 'ਤੇ ਵੀ ਪਾਬੰਦੀਆਂ ਲਗਾਈਆਂ ਜਾਣਗੀਆਂ।

ਯੂਰਪੀ ਸੰਘ ਨੇ ਧਮਕੀ ਦਿੱਤੀ ਸੀ ਕਿ ਜੇਕਰ ਪੁਤਿਨ ਨੇ ਯੂਕਰੇਨ ਸ਼ਾਂਤੀ ਵਾਰਤਾ ਵਿੱਚ ਹਿੱਸਾ ਨਹੀਂ ਲਿਆ ਤਾਂ ਉਹ ਕਾਰਵਾਈ ਕਰਨਗੇ। ਮਰਟਜ਼ ਨੇ ਕਿਹਾ – ਅਸੀਂ ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਹੋਏ ਰੂਸੀ ਜਾਇਦਾਦਾਂ ਨੂੰ ਜ਼ਬਤ ਕਰਨ 'ਤੇ ਵੀ ਵਿਚਾਰ ਕਰ ਰਹੇ ਹਾਂ। ਹਾਲਾਂਕਿ, ਸਾਨੂੰ ਇਹ ਵੀ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਇਸ ਦਾ ਯੂਰਪੀ ਬਾਜ਼ਾਰ 'ਤੇ ਕੀ ਪ੍ਰਭਾਵ ਪਵੇਗਾ। ਯੂਰਪੀ ਸੰਘ ਅਤੇ G7 ਦੇਸ਼ਾਂ ਨੇ ਰੂਸ ਦੀਆਂ ਲਗਭਗ $300 ਬਿਲੀਅਨ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਹੈ। ਇਸ ਵਿੱਚੋਂ, ਰੂਸੀ ਕੇਂਦਰੀ ਬੈਂਕ ਦੇ 198 ਬਿਲੀਅਨ ਡਾਲਰ ਦੇ ਭੰਡਾਰ ਬੈਲਜੀਅਮ ਵਿੱਚ ਜਮ੍ਹਾ ਹਨ। ਯੂਰਪੀ ਨੇਤਾ ਰੂਸੀ ਜਾਇਦਾਦ ਨੂੰ ਜ਼ਬਤ ਕਰਨ ਤੋਂ ਝਿਜਕ ਰਹੇ ਹਨ ਕਿਉਂਕਿ ਇਹ ਯੂਰੋ ਅਤੇ ਯੂਰਪੀ ਸੰਘ ਦੀ ਬੈਂਕਿੰਗ ਪ੍ਰਣਾਲੀ ਵਿੱਚ ਦੂਜੇ ਦੇਸ਼ਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦਾ ਹੈ।

# ਕੈਨੇਡਾ : ਸ਼ਰਾਬੀ ਡਰਾਈਵਰ ਨੇ ਮਾਰੇ 3 ਬੱਚੇ

## * ਪਰਿਵਾਰ ਦੇ 3 ਜੀਅ ਗੰਭੀਰ ਜ਼ਖ਼ਮੀ * ਇਟੋਬੀਕੋ ਵਿਖੇ ਹਾਈਵੇਅ 401 'ਤੇ ਵਾਪਰਿਆ ਹਾਦਸਾ



ਟੋਰਾਂਟੋ : ਕੈਨੇਡਾ ਵਿਚ ਇਕ ਸ਼ਰਾਬੀ ਡਰਾਈਵਰ ਨੇ ਹਸਦਾ-ਵਸਦਾ ਪਰਵਾਰ ਉਜਾੜ ਦਿਤਾ। ਤਿੰਨ ਬੱਚੇ ਇਸ ਦੁਨੀਆਂ ਵਿਚ ਨਹੀਂ ਰਹੇ ਅਤੇ ਪਰਵਾਰ ਦੇ ਤਿੰਨ ਜੀਅ ਹਸਪਤਾਲ ਵਿਚ ਜ਼ਿੰਦਗੀ ਵਾਸਤੇ ਸੰਘਰਸ਼ ਕਰ ਰਹੇ ਹਨ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਈਟੋਬੀਕੋ ਵਿਖੇ ਹਾਈਵੇਅ 401 'ਤੇ ਐਤਵਾਰ ਵੱਡੇ ਤੜਕੇ ਅੰਨ੍ਹੇਵਾਹ ਰਫ਼ਤਾਰ 'ਤੇ ਜਾ ਰਹੀ ਇਕ ਸਿਲਵਰ ਕਲਰ ਡੌਜ ਕੈਰਾਵੈਨ ਬੇਕਾਬੂ ਹੋ ਗਈ ਅਤੇ ਲਾਲ ਬੱਤੀ 'ਤੇ ਖੜੀ ਕ੍ਰਾਈਸਲਰ ਮਿੰਨੀ ਵੈਨ ਵਿਚ ਜਾ ਵੱਜੀ। ਡਿਊਟੀ ਇੰਸਪੈਕਟਰ ਬਹੀਰ ਸਰਵਾਨੰਦਨ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ 15 ਸਾਲ ਅਤੇ 13 ਸਾਲ ਦੀ ਬੱਚਿਆਂ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਛੇ ਸਾਲ ਦੀ ਬੱਚੀ ਨੇ ਹਸਪਤਾਲ ਵਿਚ ਜ਼ਖਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿਤਾ।

ਜ਼ਖਮੀਆਂ ਵਿਚ 10 ਸਾਲ ਦਾ ਇਕ ਬੱਚਾ, 35 ਸਾਲ ਦੀ ਮਾਂ ਅਤੇ 40 ਸਾਲ ਦਾ ਪਿਤਾ ਸ਼ਾਮਲ ਹਨ। ਪੁਲਿਸ ਵੱਲੋਂ ਹਾਦਸੇ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਡਰਾਈਵਰ ਦੀ ਸ਼ਨਾਖ਼ਤ ਉਨਟਾਰੀਓ ਦੇ ਜਾਰਜਟਾਊਨ ਨਾਲ ਸਬੰਧਤ 19 ਸਾਲ ਦੇ ਈਥਨ ਲੈਹੋਈਲੀਅਰ ਵਜੋਂ ਕੀਤੀ ਗਈ ਹੈ ਜਿਸ ਵਿਰੁੱਧ ਖਤਰਨਾਕ ਤਰੀਕੇ ਨਾਲ ਡਰਾਈਵਿੰਗ ਕਰਦਿਆਂ ਮੌਤ ਦਾ ਕਾਰਨ ਬਣਨ ਸਣੇ ਤਕਰੀਬਨ 6 ਦੋਸ਼ ਆਇਦ ਕੀਤੇ ਗਏ ਹਨ। ਉਧਰ ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਤਿੰਨ ਬੱਚਿਆਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜ਼ਖਮੀਆਂ ਦੇ ਜਲਦ ਸਿਹਤਯਾਬ ਹੋਣ ਦੀ ਅਰਦਾਸ ਕੀਤੀ ਹੈ। ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਈਟੋਬੀਕੋ ਵਿਖੇ ਵਾਪਰਿਆ ਹਾਦਸਾ ਕਿਸੇ ਤਰਾਸਦੀ ਤੋਂ ਘੱਟ ਨਹੀਂ। ਤਿੰਨ ਬੱਚਿਆਂ ਦੀ ਮੌਤ ਬਾਰੇ ਸੁਣ ਕੇ ਦਿਲ ਨੂੰ ਡੂੰਘੀ ਸੱਟ ਵੱਜੀ। ਅਜਿਹੇ ਖਤਰਨਾਕ ਹਾਦਸਿਆਂ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਇਸੇ ਦੌਰਾਨ ਐਤਵਾਰ ਨੂੰ ਬੱਚਿਆਂ ਨੂੰ ਸ਼ਰਧਾਂਜਲੀਆਂ ਦੇਣ ਵਾਲਿਆਂ ਦੀ ਕਤਾਰ ਲੱਗ ਗਈ। ਪਰਵਾਰ ਤੋਂ ਬਿਲਕੁਲ ਅਣਜਾਣ ਲੋਕ ਵੀ ਹਾਦਸੇ ਵਾਲੀ ਥਾਂ 'ਤੇ ਪੁੱਜੇ ਅਤੇ ਵਿਛੜੀਆਂ ਰੂਹਾਂ ਨੂੰ ਯਾਦ ਕੀਤਾ। ਲੋਕਾਂ ਦਾ ਕਹਿਣਾ ਸੀ ਕਿ ਇਕ ਸ਼ਖਸ ਵੱਲੋਂ ਸ਼ਰਾਬ ਪੀ ਕੇ ਗੱਡੀ ਚਲਾਉਣ ਦਾ ਖਮਿਆਜ਼ਾ ਪੂਰੇ ਪਰਵਾਰ ਨੂੰ ਭੁਗਤਣਾ ਪਿਆ ਜਿਸ ਦੇ ਮੈਂਬਰ ਇਕ ਟ੍ਰੈਫਿਕ ਲਾਈਟ 'ਤੇ ਹਰੀ ਬੱਤੀ ਹੋਣ ਦੀ ਉਡੀਕ ਕਰ ਰਹੇ ਸਨ।

ਟੋਰਾਂਟੋ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਹਾਦਸੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਟ੍ਰੈਫਿਕ ਸਰਵਿਸਿਜ਼ ਨਾਲ 416 808 1900 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨੂੰ ਕਾਲ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਗਾਰਡਨਰ ਐਕਸਪ੍ਰੈਸ ਵੇਅ 'ਤੇ ਚਲਦੀ ਗੱਡੀ ਵਿਚੋਂ ਡਿੱਗੀ ਇਕ ਔਰਤ ਗੰਭੀਰ ਜ਼ਖਮੀ ਹੋ ਗਈ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਟੋਰਾਂਟੋ ਪੁਲਿਸ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਔਰਤ ਨੇ ਚਲਦੀ ਗੱਡੀ ਵਿਚੋਂ ਛਾਲ ਮਾਰੀ ਅਤੇ ਹਾਦਸੇ ਦੇ ਕਾਰਨਾਂ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈਕਿ 29 ਸਾਲ ਦੀ ਔਰਤ ਪੁਲਿਸ ਨੂੰ ਜ਼ਖਮੀ ਹਾਲਤ ਵਿਚ ਮਿਲੀ ਅਤੇ ਉਸ ਦੇ ਨੇੜੇ ਤੇੜੇ ਕੋਈ ਗੱਡੀ ਨਹੀਂ ਸੀ। ਔਰਤ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਜਾਂਚਕਰਤਾਵਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮਾਮਲੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਟ੍ਰੈਫਿਕ ਸਰਵਿਸਿਜ਼ ਦੇ ਅਫ਼ਸਰਾਂ ਨਾਲ ਸੰਪਰਕ ਕਰੇ।

## ਡੋਨਾਲਡ ਟਰੰਪ ਨੇ ਕੀਤਾ ਐਲਾਨ

# ਅਮਰੀਕਾ ਬਣਾਏਗਾ 'ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸ਼ੀਲਡ'

ਇਸ ਸਮੇਂ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਕਈ ਦੇਸ਼ਾਂ ਵਿਚਕਾਰ ਜੰਗ ਜਾਂ ਤਣਾਅ ਦਾ ਮਾਹੌਲ ਹੈ। ਰੂਸ-ਯੂਕਰੇਨ ਯੁੱਧ, ਇਜ਼ਰਾਈਲ-ਹਮਾਸ ਯੁੱਧ ਜਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਈ ਫੌਜੀ ਝੜਪ ਵਿੱਚ ਹਵਾਈ ਰੱਖਿਆ ਪ੍ਰਣਾਲੀਆਂ ਜਾਂ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਬਾਰੇ ਬਹੁਤ ਚਰਚਾ ਹੋਈ ਹੈ।

ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਦੇਸ਼ ਲਈ ਇੱਕ ਨਵਾਂ ਮਿਜ਼ਾਈਲ ਰੱਖਿਆ ਪ੍ਰਣਾਲੀ ਬਣਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਇਸ ਨੂੰ 'ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸ਼ੀਲਡ' ਦਾ ਨਾਮ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਏਅਰ ਡਿਫੈਂਸ ਸਿਸਟਮ ਦੇਸ਼ ਨੂੰ ਕਿਸੇ ਵੀ ਮਿਜ਼ਾਈਲ, ਡਰੋਨ ਅਤੇ ਜਹਾਜ਼ ਆਦਿ ਤੋਂ ਬਚਾਉਂਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵੱਡਾ ਐਲਾਨ ਕੀਤਾ ਹੈ ਅਤੇ ਇੱਕ ਨਵੀਂ ਮਿਜ਼ਾਈਲ ਰੱਖਿਆ ਪ੍ਰਣਾਲੀ ਬਣਾਉਣ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ, "ਅਸੀਂ ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸ਼ੀਲਡ ਬਾਰੇ ਇੱਕ ਇਤਿਹਾਸਕ ਐਲਾਨ ਕਰ ਰਹੇ ਹਾਂ। ਇਹ ਉਹ ਚੀਜ਼ ਹੈ ਜੋ ਅਸੀਂ ਚਾਹੁੰਦੇ ਹਾਂ।"

ਸੰਯੁਕਤ ਰਾਜ ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ, ਕਈ ਸਾਲ ਪਹਿਲਾਂ ਇਹ ਚਾਹੁੰਦੇ ਸਨ, ਪਰ ਉਨ੍ਹਾਂ ਕੋਲ ਤਕਨਾਲੋਜੀ ਨਹੀਂ ਸੀ। ਪਰ ਹੁਣ ਇਹ ਜੋ ਸਾਡੇ ਕੋਲ ਹੋਵੇਗਾ।" ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸਾਨੂੰ ਗੋਲਡਨ ਮਿਜ਼ਾਈਲ ਡਿਫੈਂਸ ਸ਼ੀਲਡ ਉੱਚ ਪੱਧਰ 'ਤੇ ਪ੍ਰਾਪਤ ਹੋਵੇਗੀ।

ਉਨ੍ਹਾਂ ਕਿਹਾ– ਚੋਣ ਪ੍ਰਚਾਰ ਦੌਰਾਨ, ਮੈਂ ਅਮਰੀਕਾ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਦੇਸ਼ ਨੂੰ ਵਿਦੇਸ਼ੀ ਮਿਜ਼ਾਈਲ ਹਮਲੇ ਦੇ ਖ਼ਤਰੇ ਤੋਂ ਬਚਾਉਣ ਲਈ ਇੱਕ ਅਤਿ-ਆਧੁਨਿਕ ਮਿਜ਼ਾਈਲ ਰੱਖਿਆ ਢਾਲ ਬਣਾਵਾਂਗਾ। ਇਹੀ ਅਸੀਂ ਅੱਜ ਕਰ ਰਹੇ ਹਾਂ।" ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸ਼ੀਲਡ ਬਣਾਉਣ ਦੀ ਲਾਗਤ 175 ਬਿਲੀਅਨ ਡਾਲਰ ਦੱਸੀ ਗਈ ਹੈ। ਇਸ ਮਿਜ਼ਾਈਲ ਰੱਖਿਆ ਢਾਲ ਦਾ ਉਦੇਸ਼ ਅਮਰੀਕਾ ਨੂੰ ਚੀਨ ਅਤੇ ਰੂਸ ਦੁਆਰਾ ਪੈਦਾ ਕੀਤੇ ਗਏ ਖ਼ਤਰਿਆਂ ਤੋਂ ਬਚਾਉਣਾ ਹੈ।

ਡੋਨਾਲਡ ਟਰੰਪ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਇਸ ਮਿਜ਼ਾਈਲ ਰੱਖਿਆ ਪ੍ਰਣਾਲੀ ਦਾ ਅੰਤਿਮ ਡਿਜ਼ਾਈਨ ਚੁਣ ਲਿਆ ਹੈ। ਅਮਰੀਕੀ ਪੁਲਾੜ ਸੈਨਾ ਦੇ ਜਨਰਲ ਮਾਈਕਲ ਗੁਏਟਲਿਨ ਨੂੰ ਇਸ ਪ੍ਰੋਜੈਕਟ ਦਾ ਮੁਖੀ ਬਣਾਇਆ ਗਿਆ ਹੈ।

# ਅਮਰੀਕਾ 'ਚ ਬਿਨਾਂ ਪੁੱਛੇ ਨਹੀਂ ਸਾਂਝੀ ਹੋ ਸਕੇਗੀ ਕਿਸੇ ਦੀ ਤਸਵੀਰ, ਟਰੰਪ ਨੇ ਬਣਾਇਆ ਨਵਾਂ ਕਾਨੂੰਨ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਟੇਕ ਇਟ ਡਾਊਨ ਐਕਟ ਨਾਮੀਂ ਇੱਕ ਇਤਿਹਾਸਕ ਕਾਨੂੰਨ 'ਤੇ ਦਸਤਖਤ ਕੀਤੇ। ਇਸ ਕਾਨੂੰਨ ਦਾ ਉਦੇਸ਼ ਉਨ੍ਹਾਂ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ ਜੋ ਬਿਨਾਂ ਇਜਾਜ਼ਤ ਦੇ ਇੰਟਰਨੈੱਟ 'ਤੇ ਕਿਸੇ ਦੀਆਂ ਵੀ ਅਸ਼ਲੀਲ ਜਾਂ ਨਿੱਜੀ ਫੋਟੋਆਂ ਅਤੇ ਵੀਡੀਓ ਅਪਲੋਡ ਕਰਦੇ ਹਨ।

ਇਸ ਵਿੱਚ ਖਾਸ ਤੌਰ 'ਤੇ ਡੀਪਫੇਕ ਅਤੇ ਰਿਵੈਂਜ ਪੋਰਨ ਵਰਗੇ ਮਾਮਲਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਮੌਕੇ ਰਾਸ਼ਟਰਪਤੀ ਟਰੰਪ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਅਮਰੀਕਾ ਦੀ ਪਹਿਲੀ ਮਹਿਲਾ ਮੇਲਾਨੀਆ ਟਰੰਪ ਵੀ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਕਾਨੂੰਨ ਨੂੰ ਪਾਸ ਕਰਵਾਉਣ ਵਿੱਚ ਮੇਲਾਨੀਆ ਨੇ ਅਹਿਮ ਭੂਮਿਕਾ ਨਿਭਾਈ ਹੈ। ਮੇਲਾਨੀਆ ਨੇ ਮਾਰਚ ਵਿੱਚ ਪਹਿਲੀ ਵਾਰ ਜਨਤਕ ਤੌਰ 'ਤੇ ਸਾਹਮਣੇ ਆ ਕੇ ਸੰਸਦ ਮੈਂਬਰਾਂ ਨਾਲ ਇਸ ਬਿੱਲ ਬਾਰੇ ਗੱਲ ਕੀਤੀ ਅਤੇ ਇਸ ਦਾ ਸਮਰਥਨ ਮੰਗਿਆ ਸੀ।

ਟੇਕ ਇਟ ਡਾਊਨ ਐਕਟ ਦੇ ਤਹਿਤ ਕੋਈ ਵੀ ਬੰਦਾ ਜੋ ਜਾਣਬੁੱਝ ਕੇ ਕਿਸੇ ਦੀ ਅੰਦਰੂਨੀ ਜਾਂ ਨਿੱਜੀ ਫੋਟੋ ਜਾਂ ਵੀਡੀਓ ਨੂੰ ਬਿਨਾਂ ਇਜਾਜ਼ਤ ਇੰਟਰਨੈੱਟ 'ਤੇ ਅਪਲੋਡ ਕਰਦਾ ਹੈ, ਜਾਂ ਅਜਿਹਾ ਕਰਨ ਦੀ ਧਮਕੀ ਦਿੰਦਾ ਹੈ, ਹੁਣ ਇੱਕ ਸੰਘੀ ਅਪਰਾਧ ਮੰਨਿਆ ਜਾਵੇਗਾ। ਇਸ ਵਿੱਚ ਏਆਈ ਦੀ ਵਰਤੋਂ ਕਰਕੇ ਬਣਾਈਆਂ ਗਈਆਂ ਡੀਪਫੇਕ ਫੋਟੋਆਂ ਅਤੇ ਵੀਡੀਓ ਵੀ ਸ਼ਾਮਲ ਹਨ। ਇੰਨਾ ਹੀ ਨਹੀਂ, ਹੁਣ ਸੋਸ਼ਲ ਮੀਡੀਆ ਪਲੇਟਫਾਰਮ ਅਤੇ ਵੈੱਬਸਾਈਟਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਕਾਨੂੰਨ ਮੁਤਾਬਕ ਜੇ ਕੋਈ ਪੀੜਤ ਸ਼ਿਕਾਇਤ ਕਰਦਾ ਹੈ, ਤਾਂ ਸਬੰਧਤ ਸਾਈਟ ਨੂੰ 48 ਘੰਟਿਆਂ ਦੇ ਅੰਦਰ ਉਸ ਸਮੱਗਰੀ ਨੂੰ ਹਟਾਉਣਾ ਹੋਵੇਗਾ। ਨਾਲ ਹੀ ਅਜਿਹੀਆਂ ਸਾਰੀਆਂ ਡੁਪਲੀਕੇਟ ਕਾਪੀਆਂ ਨੂੰ ਵੀ ਮਿਟਾਉਣਾ ਪਵੇਗਾ।

ਮੇਲਾਨੀਆ ਟਰੰਪ ਨੇ ਇਸ ਕਾਨੂੰਨ ਬਾਰੇ ਦਿਲ ਨੂੰ ਛੂਹ ਲੈਣ ਵਾਲਾ ਬਿਆਨ ਦਿੱਤਾ। ਉਸ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਜਦੋਂ ਅੱਜ ਦੀ ਪੀੜ੍ਹੀ, ਖਾਸ ਕਰਕੇ ਕੁੜੀਆਂ, ਆਪਣੀਆਂ ਤਸਵੀਰਾਂ ਨੂੰ ਆਨਲਾਈਨ ਗਲਤ ਤਰੀਕੇ ਨਾਲ ਦੇਖਦੀਆਂ ਹਨ। ਉਸ ਨੇ ਇੱਕ ਪੀੜਤ ਨੂੰ ਸੰਸਦ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਲਈ ਵੀ ਸੱਦਾ ਦਿੱਤਾ ਸੀ ਤਾਂ ਜੋ ਇਸ ਮੁੱਦੇ ਨੂੰ ਹੋਰ ਪ੍ਰਮੁੱਖਤਾ ਨਾਲ ਉਠਾਇਆ ਜਾ ਸਕੇ।

ਮੇਲਾਨੀਆ ਨੇ ਇਸਨੂੰ ਆਪਣੀ 'Be Best' ਮੁਹਿੰਮ ਦਾ ਹਿੱਸਾ ਦੱਸਿਆ, ਜੋ ਬੱਚਿਆਂ ਦੀ ਭਲਾਈ, ਸੋਸ਼ਲ ਮੀਡੀਆ ਦੀ ਸਹੀ ਵਰਤੋਂ ਅਤੇ ਨਸ਼ਿਆਂ ਦੀ ਰੋਕਥਾਮ 'ਤੇ ਕੇਂਦ੍ਰਿਤ ਹੈ। ਇਸ ਬਿੱਲ ਨੂੰ ਕਾਂਗਰਸ ਵੱਲੋਂ ਵੀ ਭਾਰੀ ਸਮਰਥਨ ਮਿਲਿਆ ਅਤੇ ਇਸ ਨੂੰ ਸਦਨ ਵਿੱਚ 409-2 ਦੇ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸੈਨੇਟ ਨੇ ਵੀ ਇਸ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ। ਇਸ ਦੇ ਬਾਵਜੂਦ ਕੁਝ ਡਿਜੀਟਲ ਅਧਿਕਾਰ ਸੰਗਠਨਾਂ ਅਤੇ ਸੁਤੰਤਰ ਭਾਸ਼ਣ ਕਾਰਕੁੰਨਾਂ ਨੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਬਹੁਤ ਜ਼ਿਆਦਾ ਸੈਂਸਰਸ਼ਿਪ ਵੱਲ ਲਿਜਾ ਸਕਦਾ ਹੈ ਜਾਂ ਲ਼ਘਭਠਥ ਜਾਂ ਪੋਰਨ ਉਦਯੋਗ ਵਰਗੀ ਜਾਇਜ਼ ਸਮੱਗਰੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਰਾਸ਼ਟਰਪਤੀ ਟਰੰਪ ਨੇ ਮਜ਼ਾਕ ਵਿੱਚ ਕਿਹਾ ਕਿ ਜੇ ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਵੀ ਇਸ ਕਾਨੂੰਨ ਦੀ ਵਰਤੋਂ ਕਰਾਂਗਾ। ਮੇਰੇ ਤੋਂ ਮਾੜਾ ਆਨਲਾਈਨ ਕਿਸੇ ਨਾਲ ਵੀ ਸਲੂਕ ਨਹੀਂ ਹੁੰਦਾ।

# ਬੀ.ਬੀ.ਐਮ.ਬੀ. ਕੇਂਦਰ ਦੀ ਕਠਪੁਤਲੀ ਬਣੀ: ਸੀ.ਐਮ. ਮਾਨ

## ਪੰਜਾਬ ਦੇ ਪਾਣੀ ਨੂੰ ਲੁੱਟਣ ਦੀ ਸਾਜ਼ਿਸ਼ ਨਾਕਾਮ- ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਦੇ ਪੁਨਰਗਠਨ ਦਾ ਮੁੱਦਾ ਸ਼ਨਿੱਚਰਵਾਰ ਨੂੰ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ ਵਿੱਚ ਉਠਾਏਗੀ। ਅੱਜ ਇੱਥੇ ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮੀਟਿੰਗ ਵਿੱਚ ਉਠਾਉਣਗੇ। ਉਨ੍ਹਾਂ ਕਿਹਾ ਕਿ ਕਿਉਂਕਿ ਪਾਣੀ ਦਾ ਪੱਧਰ ਵਾਰ-ਵਾਰ ਬਦਲ ਰਿਹਾ ਹੈ, ਇਸ ਲਈ ਹਰ ਜਲ ਸਮਝੌਤੇ ਦੀ ਹਰੇਕ 25 ਸਾਲਾਂ ਬਾਅਦ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਜ਼ਮੀਨੀ ਸਰਹੱਦਾਂ ਨਾਲ ਜੁੜਿਆ ਸੂਬਾ ਹੈ, ਜਿਸ ਨੇ ਦੇਸ਼ ਨੂੰ ਖੁਰਾਕ ਪੱਖੋਂ ਆਤਮ ਨਿਰਭਰ ਬਣਾਉਣ ਲਈ ਆਪਣੇ ਇੱਕੋ-ਇੱਕ ਉਪਲਬਧ ਕੁਦਰਤੀ ਸਰੋਤ ਪਾਣੀ ਅਤੇ ਉਪਜਾਊ ਮਿੱਟੀ ਦੀ ਬੇਰਹਿਮੀ ਨਾਲ ਵਰਤੋਂ ਕੀਤੀ। ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਜਿਸ ਤਰੀਕੇ ਨਾਲ ਬੀ.ਬੀ.ਐਮ.ਬੀ. ਸੂਬੇ ਦੇ ਪਾਣੀਆਂ ਦੇ ਜਾਇਜ਼ ਹਿੱਸੇ ਨੂੰ ਖੋਹਣ ਲਈ ਇੱਕ ਧਿਰ ਬਣ ਗਈ ਹੈ, ਉਹ ਮੰਦਭਾਗਾ ਅਤੇ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੇ ਇਸ ਸਾਲ ਮਾਰਚ ਵਿੱਚ ਆਪਣੇ ਹਿੱਸੇ ਦਾ ਪਾਣੀ ਖ਼ਤਮ ਕਰ ਦਿੱਤਾ ਸੀ ਪਰ ਬੀ.ਬੀ.ਐਮ.ਬੀ. ਨੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਦੀ ਕਠਪੁਤਲੀ ਵਾਂਗ ਕੰਮ ਕੀਤਾ ਤਾਂ ਜੋ ਸੂਬੇ ਦਾ ਪਾਣੀ ਖੋਹਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਲੋਕਾਰੀ ਗੱਲ ਇਹ ਹੈ ਕਿ ਬੀ.ਬੀ.ਐਮ.ਬੀ. ਦੇ ਚੇਅਰਮੈਨ ਖ਼ੁਦ ਸੂਬੇ ਦੇ ਪਾਣੀਆਂ ਨੂੰ ਚੋਰੀ ਕਰਨ ਲਈ ਨੰਗਲ ਆਏ, ਜਿਸ ਨੂੰ ਸੂਬੇ ਦੇ ਲੋਕਾਂ ਨੇ ਨਾਕਾਮ ਕਰ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਉਹੀ ਬੀ.ਬੀ.ਐਮ.ਬੀ. ਹੈ, ਜਿਸ ਨੇ ਆਪਣੇ ਬਹੁਤ ਹੀ ਮਹੱਤਵਪੂਰਨ ਪ੍ਰਾਜੈਕਟਾਂ ਲਈ ਪੰਜਾਬ ਤੋਂ 32 ਕਰੋੜ ਰੁਪਏ ਲਏ ਸਨ ਅਤੇ ਇਹ ਪੈਸਾ ਕਦੇ ਵੀ ਸੂਬੇ ਨੂੰ ਵਾਪਸ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦਾ ਬੀ.ਬੀ.ਐਮ.ਬੀ. ਕੋਲ ਲਗਭਗ 150 ਕਰੋੜ ਰੁਪਏ (ਸਹੀ ਰੂਪ ਵਿੱਚ 142 ਕਰੋੜ ਰੁਪਏ) ਬਕਾਇਆ ਹਨ ਅਤੇ ਸੂਬਾ ਸਰਕਾਰ ਜਲਦੀ ਇਸ ਪੈਸੇ ਦੀ ਵਸੂਲੀ ਲਈ ਦਾਅਵਾ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਵੱਲੋਂ ਪੰਜਾਬ ਦੇ ਕੋਟੇ ਦੀਆਂ ਤਿੰਨ ਹਜ਼ਾਰ ਅਸਾਮੀਆਂ ਜਾਣ-ਬੁੱਝ ਕੇ ਨਹੀਂ ਭਰੀਆਂ ਗਈਆਂ ਹਨ ਤਾਂ ਜੋ ਪਾਣੀਆਂ ਉੱਤੇ ਸੂਬੇ ਦੇ ਦਾਅਵੇ ਨੂੰ ਕਮਜ਼ੋਰ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਅਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਿਆ ਜਾਵੇਗਾ ਤਾਂ ਜੋ ਸੂਬੇ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨੰਗਲ ਵਰਗੇ ਟਾਊਨਸ਼ਿਪ ਜੋ ਕਿ ਸੁਹਜ ਪੱਖੋਂ ਡਿਜ਼ਾਈਨ ਕੀਤਾ ਗਿਆ ਸੀ, ਬੀ.ਬੀ.ਐਮ.ਬੀ. ਦੀ ਅਣਗਹਿਲੀ ਕਾਰਨ ਬਰਬਾਦ ਹੋ ਗਿਆ ਹੈ, ਜੋ ਕਿ ਸੱਚਮੁੱਚ ਨਿੰਦਣਯੋਗ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਪਾਣੀਆਂ ਨੂੰ ਖੋਹਣ ਲਈ ਬੀ.ਬੀ.ਐਮ.ਬੀ., ਕੇਂਦਰ ਦੇ ਹੱਥਾਂ ਵਿੱਚ ਖੇਡਿਆ ਪਰ ਸੂਬੇ ਦੇ ਬਹਾਦਰ ਅਤੇ ਮਿਹਨਤੀ ਕਿਸਾਨਾਂ ਨੇ ਉਨ੍ਹਾਂ ਦੇ ਨਾਪਾਕ ਯਤਨਾਂ ਨੂੰ ਨਾਕਾਮ ਕਰ ਦਿੱਤਾ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਜੇ ਉਹ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦੇ ਹਨ ਤਾਂ ਉਹ ਸੂਬੇ ਦੇ ਪਾਣੀਆਂ ਨੂੰ ਵੀ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ 532 ਕਿਲੋਮੀਟਰ ਲੰਬੀ ਸਰਹੱਦ ਦੀ ਰਾਖੀ ਲਈ ਮਹਾਨ ਕੁਰਬਾਨੀਆਂ ਦੇਣ ਦਾ ਸ਼ਾਨਦਾਰ ਇਤਿਹਾਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਵਾਰ ਵੀ ਪੰਜਾਬੀ ਪਾਕਿਸਤਾਨੀ ਫੌਜ ਨੂੰ ਮੂੰਹ ਤੋੜ ਜਵਾਬ ਦੇਣ ਵਿੱਚ ਸਭ ਤੋਂ ਅੱਗੇ ਸਨ ਅਤੇ ਦੂਜੇ ਪਾਸੇ ਪੰਜਾਬੀਆਂ ਨੇ ਆਪਣੇ ਹਿੱਸੇ ਦਾ ਪਾਣੀ ਵੀ ਬਚਾਇਆ। ਮੁੱਖ ਮੰਤਰੀ ਨੇ ਕਿਹਾ ਕਿ ਲਗਪਗ 20 ਦਿਨਾਂ ਤੱਕ ਸੂਬੇ ਦੇ ਮਿਹਨਤੀ ਅਤੇ ਸੁਚੇਤ ਲੋਕਾਂ ਨੇ ਹਰਿਆਣਾ ਅਤੇ ਕੇਂਦਰ ਨੂੰ ਪੰਜਾਬ ਤੋਂ ਇੱਕ ਵੀ ਬੂੰਦ ਪਾਣੀ ਚੋਰੀ ਨਹੀਂ ਕਰਨ ਦਿੱਤਾ।

ਉਨ੍ਹਾਂ ਕਿਹਾ ਕਿ ਸਾਲਾਂ ਤੋਂ ਬੀ.ਬੀ.ਐਮ.ਬੀ. ਰਾਹੀਂ ਪੰਜਾਬ ਦੇ ਪਾਣੀ ਨੂੰ ਦੂਜੇ ਸੂਬਿਆਂ ਵੱਲ ਮੋੜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀਆਂ ਅਤੇ ਭਾਜਪਾ ਦੇ ਹੱਥ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ ਕਿਉਂਕਿ ਇਨ੍ਹਾਂ ਪਾਰਟੀਆਂ ਨੇ ਆਪਣੇ ਨਿੱਜੀ ਹਿੱਤਾਂ ਲਈ ਸੂਬੇ ਦੇ ਪਾਣੀ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰ ਕੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਪਹਿਲੇ ਆਗੂਆਂ ਨੇ ਕਈ ਮੁੱਦਿਆਂ 'ਤੇ ਸੂਬੇ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਮਹੱਤਵ ਦੇ ਕੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਇੱਕ ਸਾਬਕਾ ਮੁੱਖ ਮੰਤਰੀ ਨੂੰ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ) ਦਰਿਆ ਦੀ ਯੋਜਨਾ ਬਣਾਉਣ ਅਤੇ ਇਸ ਦੇ ਸਰਵੇਖਣ ਦੇ ਹੁਕਮ ਜਾਰੀ ਕਰਨ ਲਈ ਗੁੜਗਾਓਂ ਵਿੱਚ ਪਲਾਟ ਮਿਲਿਆ ਸੀ, ਜਿੱਥੇ ਅੱਜ ਉਨ੍ਹਾਂ ਦਾ ਆਲੀਸ਼ਾਨ ਹੋਟਲ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਸਵੈ-ਘੋਸ਼ਿਤ ਰਾਖੇ ਸਾਬਕਾ ਮੁੱਖ ਮੰਤਰੀ ਨੇ ਕਪੂਰੀ ਵਿਖੇ ਐਸ.ਵਾਈ.ਐਲ ਦੇ ਨੀਂਹ ਪੱਥਰ ਸਮਾਰੋਹ ਲਈ ਤਤਕਾਲੀ ਪ੍ਰਧਾਨ ਮੰਤਰੀ ਨੂੰ ਚਾਂਦੀ ਦੀ ਕਹੀ ਭੇਟ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਬੀ.ਬੀ.ਐਮ.ਬੀ. ਅਸਲ ਵਿੱਚ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੇ ਪ੍ਰਬੰਧਨ ਲਈ ਸਥਾਪਿਤ ਕੀਤੀ ਗਈ ਸੀ ਪਰ ਸਾਲਾਂ ਤੋਂ ਪੰਜਾਬ ਦਾ ਪਾਣੀ ਬੀ.ਬੀ.ਐਮ.ਬੀ. ਰਾਹੀਂ ਦੂਜੇ ਸੂਬਿਆਂ ਵੱਲ ਮੋੜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਆਪਣੇ ਸਿਆਸੀ ਹਿੱਤਾਂ ਲਈ ਇਸ ਬੋਰਡ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ। ਬੀ.ਬੀ.ਐਮ.ਬੀ. ਨੂੰ ਚਿੱਟਾ ਹਾਥੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਮੌਜੂਦਾ ਰੂਪ ਵਿੱਚ ਪੂਰੀ ਤਰ੍ਹਾਂ ਵਿਅਰਥ ਅਤੇ ਅਸਵੀਕਾਰਯੋਗ ਹੈ ਅਤੇ ਨਾਲ ਹੀ ਕਿਹਾ ਕਿ ਪੰਜਾਬ ਇਸ ਨੂੰ ਹੁਣ ਕਦੇ ਵੀ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਿਤਮਜ਼ਰੀਫ਼ੀ ਇਹ ਹੈ ਕਿ ਦੂਜੇ ਰਾਜਾਂ ਦੇ ਕਰਮਚਾਰੀਆਂ ਨੂੰ ਸੂਬੇ ਦੇ ਖ਼ਜ਼ਾਨੇ ਵਿੱਚੋਂ ਤਨਖਾਹ ਦਿੱਤੀ ਜਾ ਰਹੀ ਹੈ ਅਤੇ ਉਹ ਸਿਰਫ਼ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੀ.ਬੀ.ਐਮ.ਬੀ. ਪੰਜਾਬ ਵਿਰੁੱਧ ਕਾਨੂੰਨੀ ਲੜਾਈਆਂ ਲੜਨ ਲਈ ਸੂਬੇ ਦੇ ਪੈਸੇ ਦੀ ਵਰਤੋਂ ਕਰਦੀ ਹੈ, ਜੋ ਬਹੁਤ ਹੀ ਨਿੰਦਣਯੋਗ ਹੈ।

# ਅਕਾਲ ਤਖ਼ਤ ਸਾਹਿਬ ਪਹੁੰਚੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ

## ਭਾਈ ਸਾਬ੍ਹ ਨੂੰ ਖਿਮਾ ਯਾਚਨਾ ਪ੍ਰਵਾਨ ਤੋਂ ਬਾਅਦ ਪ੍ਰਚਾਰ ਦੀ ਦਿੱਤੀ ਖੁੱਲ੍ਹ






ਪੰਜਾਬ 'ਚ ਹੋ ਰਹੇ ਧਰਮ ਪਰਿਵਰਤਨ 'ਤੇ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਚਿੰਤਾ ਵਿਅਕਤ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਧਰਮ ਪ੍ਰਚਾਰ ਦੀ ਲਹਿਰ ਚਲਾਉਣ ਸੰਬਧੀ ਸਿੰਘ ਸਾਹਿਬਾਨ ਦੇ ਹੁਕਮ ਤਹਿਤ ਇੱਥੇ ਹਾਜ਼ਰ ਹੋਇਆ। 20 ਸਾਲਾਂ ਦੇ ਧਰਮ ਪ੍ਰਚਾਰ ਦੇ ਤਜ਼ਰਬੇ ਦੇ ਨਾਲ-ਨਾਲ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾਇਆ ਹੈ। ਹੁਣ ਮੁੜ ਤੋਂ ਵਧ ਚੜ੍ਹ ਕੇ ਅੰਮ੍ਰਿਤ ਸੰਚਾਰ ਹੋਵੇਗਾ। ਧਰਮ ਪ੍ਰਚਾਰ ਲਈ ਸਾਰੇ ਪ੍ਰਚਾਰਕਾਂ ਨੂੰ ਕਮਰ ਕੱਸ ਕੇ ਇਕਜੁੱਟ ਹੋਣਾ ਚਾਹੀਦਾ ਹੈ। ਮੈ ਜਿਸ ਤਰ੍ਹਾਂ ਮੁਆਫ਼ੀ ਮੰਗੀ ਹੈ, ਇਸੇ ਤਰ੍ਹਾਂ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਵੀ ਚਾਹੀਦਾ ਕਿ ਉਹ ਆਪਣੇ ਵੱਲੋਂ ਚਲਾਈਆਂ ਗੋਲੀਆਂ ਤੇ ਬਦਨਾਮ ਕੀਤੀ ਛਬੀਲ ਦੀ ਮੁਆਫ਼ੀ ਮੰਗਣ।

ਰਣਜੀਤ ਸਿੰਘ ਢੱਡਰੀਆਂਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਜਿਥੇ ਉਨ੍ਹਾਂ ਆਪਣੇ ਵੱਲੋਂ ਦਿੱਤੇ ਵਿਵਾਦਿਤ ਬਿਆਨਾਂ ਦੀ ਮੁਆਫ਼ੀ ਮੰਗੀ। ਇਸ ਮੌਕੇ ਗਲਬਾਤ ਕਰਦਿਆਂ ਢੱਡਰੀਆਂਵਾਲੇ ਨੇ ਕਿਹਾ ਕਿ ਉਨ੍ਹਾਂ ਨੂੰ ਸਿੰਘ ਸਾਹਿਬਾਨ ਵੱਲੋਂ ਹੁਕਮ ਲਗਾਇਆ ਗਿਆ ਸੀ ਕਿ ਉਹ ਨਸ਼ੇ ਦੇ ਖ਼ਾਤਮੇ ਅਤੇ ਧਰਮ ਪਰਿਵਰਤਨ ਵਰਗੇ ਗੰਭੀਰ ਮੁੱਦੇ ਉੱਤੇ ਆ ਕੇ ਮਿਲਣ, ਜਿਸ ਦੇ ਚਲਦੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਸਮੇਂ ਤੋਂ ਵੱਡੇ ਪੱਧਰ ਉੱਤੇ ਧਰਮ ਪਰਿਵਰਤਨ ਦੀ ਲਹਿਰ ਚੱਲੀ ਆ ਰਹੀ ਹੈ। ਇਸ ਨੂੰ ਰੋਕਣ ਲਈ ਧਰਮ ਪ੍ਰਚਾਰ ਦੀ ਲਹਿਰ ਪ੍ਰਚੰਡ ਕਰਨ ਦੀ ਲੋੜ ਹੈ ਤੇ ਨਸ਼ੇ ਦੇ ਖ਼ਾਤਮੇ ਲਈ ਨੌਜਵਾਨੀ ਨੂੰ ਧਰਮ ਪ੍ਰਚਾਰ ਦੀ ਲਹਿਰ ਨਾਲ ਜੋੜਣ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਕੁਝ ਵਿਵਾਦਾਂ ਦੇ ਚਲਦੇ ਇਹ ਕੰਮ ਰੁਕਿਆ ਸੀ ਪਰ ਹੁਣ ਮੁੜ ਧਰਮ ਪ੍ਰਚਾਰ ਦੀ ਲਹਿਰ ਨਾਲ ਸੰਗਤ ਨੂੰ ਜੋੜ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ।






## ਪਹਿਲਾਂ ਇਹ ਹੀ ਲੋਕ ਡੱਲੇਵਾਲ ਬਾਪੂ ਕਹਿੰਦੇ ਸਨ ਤੇ ਹੁਣ ਮੈਂ ਤਾਨਾਸ਼ਾਹ ਹੋ ਗਿਆ: ਜਗਜੀਤ ਸਿੰਘ ਡੱਲੇਵਾਲ

ਕਿਸਾਨ ਆਗੂ ਗੁਰਿੰਦਰ ਸਿੰਘ ਭੰਗੂ ਨੇ ਡੱਲੇਵਾਲ ਉੱਤੇ ਫੰਡਾਂ ਵਿੱਚ ਹੇਰਫੇਰ ਦੇ ਇਲਜ਼ਾਮ ਲਗਾਏ ਸਨ ਜਿਸ ਨੂੰ ਲੈ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸਪੱਸ਼ਟੀਕਰਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਠੀਕ ਨਹੀਂ ਹਨ। ਕਿਸਾਨ ਆਗੂ ਡੱਲੇਵਾਲ ਨੇ ਕਿਹਾ ਹੈ ਕਿ ਪਹਿਲਾਂ ਇਹ ਹੀ ਲੋਕ ਡੱਲੇਵਾਲ ਬਾਪੂ ਕਹਿੰਦੇ ਸਨ ਹੁਣ ਮੈਂ ਤਾਨਾਸ਼ਾਹ ਹੋ ਗਿਆ। ਡੱਲੇਵਾਲ ਨੇ ਵੱਡਾ ਖੁਲਾਸਾ ਕਰਦੇ ਹੋਏ ਕਿਹਾ ਹੈ ਕਿ ਕੁਝ ਲੋਕਾਂ ਨੇ ਚੱਲਦੇ ਮੋਰਚੇ 'ਚ ਜੱਥੇਬੰਦੀ ਬਣਾਈ ਤੇ ਪੋਸਟਰ ਲਗਾਏ ਉਸ ਉੱਤੇ ਸਾਰੇ ਆਗੂਆਂ ਦੀਆਂ ਫੋਟੋਆ ਨਹੀਂ ਲਗਾਈਆਂ। ਡੱਲੇਵਾਲ ਨੇ ਕਿਹਾ ਹੈ ਕਿ ਸਾਡੇ ਕਿਸਾਨ ਜੇਲ੍ਹਾਂ ਵਿੱਚ ਹਨ ਜਿਸ ਕਰਕੇ ਹਿਸਾਬ ਨਹੀ ਕੀਤਾ ਅਤੇ ਜਦੋਂ ਸਾਰੇ ਪੈਸੇ ਦਾ ਹਿਸਾਬ ਕੀਤਾ ਜਾਵੇਗਾ ਜੇਕਰ ਫਿਰ ਰਿਵੀਉ ਵਿੱਚ ਕੋਈ ਕਮੀ ਹੋਈ ਫਿਰ ਗੱਲ ਕਰਨ। ਉਨ੍ਹਾਂ ਨੇ ਕਿਹਾ ਹੈ ਕਿ ਇੰਨਾਂ ਨੇ ਹਾਈਜੈੱਕ ਕਰਨ ਦਾ ਵੀ ਗੱਲ ਕੀਤੀ ਹੈ। ਮੀਟਿੰਗ ਤੋਂ ਬਾਅਦ ਪੁਲਿਸ ਵੱਲੋਂ ਐਕਸ਼ਨ ਲਿਆ ਗਿਆ ਸੀ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਅਭਿਮਨਿਊ ਕੋਹਾੜ ਆਪਣੇ ਦਾਦੇ ਦੇ ਸਸਕਾਰ ਤੇ ਭੋਗ ਉੱਤੇ ਨਹੀ ਗਿਆ ਤੇ ਮੋਰਚੇ ਉੱਤੇ ਡੱਟਿਆ ਰਿਹਾ ਹੈ। ਇਸ ਤਰ੍ਹਾਂ ਦੇ ਮਿਹਨਤੀ ਬੰਦੇ ਕਦੇ ਵੀ ਹਿੱਲ ਨਹੀ ਸਕਦੇ।

ਡੱਲੇਵਾਲ ਨੇ ਕਿਹਾ ਹੈ ਕਿ ਮੇਰੇ ਲਈ ਫੋਰਮ ਵੱਡਾ ਹੈ ਅਤੇ ਜਥੇਬੰਦੀ ਇਕ ਵੱਖਰੀ ਗੱਲ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੇਰੇ ਪਰਿਵਾਰ ਨੇ ਕਿਹਾ ਸੀ ਕਿ ਇਹ ਮੇਰਾ ਬਾਪ ਹੀ ਨਹੀਂ ਇਹ ਕਿਰਤੀਆਂ ਦਾ ਵੀ ਬਾਪ ਹੈ। ਉਨ੍ਹਾਂ ਨੇ ਕਿਹਾ ਹੈ ਕਿ ਫੋਰਮ ਵਿੱਚ ਕਈ ਮੀਟਿੰਗਾਂ ਹੋਈਆਂ ਤੇ ਮੇਰੇ ਉੱਤੇ ਦਬਾਅ ਬਣਾਇਆ ਕਿ ਮੈਡੀਕਲ ਟਰੀਟਮੈਂਟ ਲੈ ਲਵੋ ਪਰ ਮੈਂ ਸਿਹਤ ਦੀ ਚਿੰਤਾ ਕੀਤੇ ਬਿਨ੍ਹਾਂ ਮਰਨ ਵਰਤ ਜਾਰੀ ਰੱਖਿਆ ਸੀ। ਮਰਨ ਵਰਤ ਵੇਲੇ ਵੀ ਫੋਰਮ ਨੇ ਮੀਟਿੰਗ ਕੀਤੀ ਸੀ। ਡੱਲੇਵਾਲ ਨੇ ਕਿਹਾ ਹੈ ਕਿ ਜਦੋ ਸ਼ੁਭਕਰਨ ਦੀ ਮੌਤ ਹੁੰਦੀ ਹੈ ਉਸ ਵੇਲੇ ਵੀ ਸਟੇਜ ਨਹੀਂ ਸੀ ਫਿਰ ਬਾਅਦ ਵਿੱਚ ਮੀਟਿੰਗ ਕੀਤੀ ਕਿ ਮੋਰਚਾ ਇੱਥੇ ਚਲਾਉਣਾ ਚਾਹੀਦਾ ਹੈ।

ਡੱਲੇਵਾਲ ਨੇ ਕਿਹਾ ਹੈ ਕਿ ਫੰਡਾਂ ਦਾ ਹਿਸਾਬ ਦਾ ਕਮੇਟੀ ਕੋਲ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਿਸ ਹਿਸਾਬ ਕੀਤਾ ਸੀ ਉਸ ਦੇ ਪਰਿਵਾਰ ਵਿੱਚ ਕਤਲ ਹੋ ਗਿਆ ਤੇ ਉਸ ਉੱਤੇ ਕਿਸੇ ਤਰ੍ਹਾਂ ਦਾ ਹਲੇ ਦਬਾਅ ਨਹੀਂ ਬਣਾ ਸਕਦੇ । ਡੱਲੇਵਾਲ ਨੇ ਲੋਕਾਂ ਨੂੰ ਅਪੀਲ ਕੀਤਾ ਹੈ ਅਸੀਂ ਕੁਝ ਦਿਨਾਂ ਵਿੱਚ ਹਿਸਾਬ -ਕਿਤਾਬ ਜਨਤਕ ਕਰਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਮੋਰਚੇ ਦਾ ਹਿਸਾਬ ਪ੍ਰੈਸ ਵਿੱਚ ਦਿੱਤਾ ਸੀ ਹੁਣ ਵੀ ਅਸੀ ਹਿਸਾਬ ਜਨਤਕ ਕਰਾਂਗੇ। ਉਨ੍ਹਾਂ ਨੇ ਕਿਹਾ ਹੈ ਕਿ ਸੰਗਤ ਨੇ ਕਿਸਾਨਾਂ ਦੀ ਬਹੁਤ ਸੇਵਾ ਕੀਤੀ ਹੈ।

## ਕੈਨੇਡਾ 'ਚ ਅਗਲੀ ਪੀੜ੍ਹੀ ਨੂੰ ਪੰਜਾਬੀ ਬੋਲੀ, ਭੰਗੜਾ, ਤੇ ਕੱਬਡੀ ਨਾਲ਼ ਜੋੜਨ ਲਈ ਪ੍ਰਬੰਧ ਕੀਤੇ -ਸਤਪਾਲ ਸਿੰਘ ਜੌਹਲ

ਬਰੈਂਪਟਨ, (ਹਰਜੀਤ ਸਿੰਘ ਬਾਜਵਾ)- ਕੈਨੇਡਾ ਵਿੱਚ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਅਤੇ ਬਰੈਂਪਟਨ ਵਾਰਡ 9-10 ਦੇ ਲੋਕਾਂ ਵਲੋਂ ਵੱਡੇ ਬਹੁਮੱਤ ਨਾਲ਼ ਚੁਣੇ ਹੋਏ ਸਕੂਲ ਬੋਰਡ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਦੱਸਿਆ ਹੈ ਕਿ ਸਕੂਲਾਂ ਵਿੱਚ ਸਿੱਖਿਆ ਦੇ ਮਾਹੌਲ ਨੂੰ ਚੰਗਾ ਬਣਾਈ ਰੱਖਣ ਵਿੱਚ ਸਹਾਈ ਹੋਣ ਵਾਲੇ ਉੱਚਕੋਟੀ ਦੇ ਵਿਦਿਆਰਥੀਆਂ ਵਾਸਤੇ ਮਈ 2023 ਵਿੱਚ 'ਟਰੱਸਟੀ ਸਟੂਡੈਂਟ ਐਕਸੀਲੈਂਸ ਐਵਾਰਡ' ਸਥਾਪਿਤ ਕੀਤਾ ਗਿਆ ਸੀ। ਉਦੋਂ ਤੋਂ ਹਰੇਕ ਸਾਲ ਜੂਨ ਵਿੱਚ ਸੈਕੰਡਰੀ ਸਕੂਲਾਂ ਦੀਆਂ ਗਰੈਜੂਏਸ਼ਨ ਰਸਮਾਂ ਦੌਰਾਨ ਚੰਗੇ ਕਾਰਜਾਂ ਵਿੱਚ ਸੇਵਾ ਨਿਭਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਡਿਪਟੀ ਚੇਅਰਮੈਨ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਬਰੈਂਪਟਨ ਵਾਰਡ 9 ਅਤੇ 10 ਵਿੱਚ ਚਾਰ ਸੈਕੰਡਰੀ ਸਕੂਲ ਹਨ ਜਿਨ੍ਹਾਂ ਵਿੱਚੋਂ ਹਰੇਕ ਸਕੂਲ ਦੇ ਪ੍ਰਿੰਸੀਪਲ ਵਲੋਂ ਉੱਚਕੋਟੀ ਦੇ ਦੋ ਵਿਦਿਆਰਥੀਆਂ ਦੇ ਨਾਮ 'ਟਰੱਸਟੀ ਐਵਾਰਡ' ਵਾਸਤੇ ਚੁਣੇ ਜਾਂਦੇ ਹਨ। ਗਰੈਜੂਏਸ਼ਨ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸ. ਜੌਹਲ ਵਲੋਂ ਹੌਂਸਲਾ ਵਧਾਊ ਪ੍ਰਸੰਸਾ-ਪੱਤਰ ਅਤੇ ਨਕਦ ਰਾਸ਼ੀ ਨਾਲ਼ ਸਨਮਾਨਿਤ ਕੀਤਾ ਜਾਂਦਾ ਹੈ। ਸ. ਜੌਹਲ ਨੇ ਕਿਹਾ ਕਿ ਸੰਦਲਵੁੱਡ ਹਾਈਟਸ, ਲੁਈਸ ਆਰਥਰ, ਹੈਰਲਡ ਐੱਮ. ਬਰੇਥਵਿੱਟ ਅਤੇ ਕੈਸਲਬਰੁੱਕ ਸੈਕੰਡਰੀ ਸਕੂਲਾਂ ਦੇ ਨਾਲ਼ ਹੀ ਬੋਲਟਨ ਵਿਖੇ ਹੰਬਰਵਿਊ ਸੈਕੰਡਰੀ ਸਕੂਲ ਨੂੰ ਵੀ ਟਰੱਸਟੀ ਐਵਾਰਡ ਵਿੱਚ ਸ਼ਾਮਿਲ ਕੀਤਾ ਗਿਆ ਹੈ ਕਿਉਂਕਿ ਬਰੈਂਪਟਨ ਦੇ ਵਾਰਡ 9 ਅਤੇ 10 ਤੋਂ ਹੰਬਰਵਿਊ ਸਕੂਲ ਵਿੱਚ ਵੀ ਬੱਚੇ ਪੜ੍ਹਨ ਜਾਂਦੇ ਹਨ। ਇਸ ਤਰ੍ਹਾਂ ਸਤਪਾਲ ਸਿੰਘ ਜੌਹਲ ਦੀ ਜਿੰਮੇਵਾਰੀ ਦੇ ਕੁੱਲ 5 ਸੈਕੰਡਰੀ ਵਿੱਚੋਂ 10 ਵਿਦਿਆਰਥੀਆਂ ਨੂੰ ਅਗਲੇ ਮਹੀਨੇ ਸਨਮਾਨਿਤ ਕੀਤਾ ਜਾਵੇਗਾ। ਇਕ ਸਵਾਲ ਦਾ ਜਵਾਬ ਦਿੰਦਿਆਂ ਸ. ਜੌਹਲ ਨੇ ਦੱਸਿਆ ਕਿ ਸਕੂਲਾਂ ਵਿੱਚ ਉਂਟਾਰੀਓ ਦੇ ਸਿੱਖਿਆ ਮੰਤਰਾਲੇ ਦੇ ਪ੍ਰਵਾਨਿਤ ਸਲੇਬਸ ਦੇ ਨਾਲ਼ ਹੀ ਕੈਨੇਡਾ ਦੀ ਜੰਮਪਲ



ਅਗਲੀ ਪੀੜ੍ਹੀ ਨੂੰ ਪੰਜਾਬੀ ਬੋਲੀ, ਭੰਗੜਾ, ਕੱਬਡੀ, ਗਿੱਧਾ ਅਤੇ ਕ੍ਰਿਕਟ ਨਾਲ਼ ਜੋੜਨ ਲਈ ਸਕੂਲਾਂ ਵਿੱਚ ਪ੍ਰਬੰਧ ਕੀਤੇ ਜਾ ਚੁੱਕੇ ਹਨ। ਇਹ ਵੀ ਕਿ ਬੱਚਿਆਂ ਨੂੰ ਆਪਣੀ ਬੋਲੀ, ਅਤੇ ਸੱਭਿਆਚਾਰਕ ਕਲਾਵਾਂ (ਭੰਗੜਾ/ਗਿੱਧਾ/ਕਬੱਡੀ/ਕ੍ਰਿਕਟ) ਨਾਲ਼ ਜੋੜਨ ਲਈ ਮਾਪਿਆਂ ਨੂੰ ਵਾਧੂ ਖਰਚੇ ਨਹੀਂ ਕਰਨੇ ਪੈਂਦੇ ਕਿਉਂਕਿ ਪੀਲ ਡਿਸਟ੍ਰਿਕਟ ਬੋਰਡ ਵਲੋਂ ਇਹ ਸਿੱਖਿਆ ਮੁਫਤ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

ਸ.ਜੌਹਲ ਨੇ ਕਿਹਾ ਕਿ ਪੀਲ ਡਿਸਟ੍ਰਿਕਟ ਸਕੂਲ ਬੋਰਡ ਵਲੋਂ ਪਹਿਲੀ ਵਾਰ ਇਕ ਕਬੱਡੀ ਮੇਲੇ ਦਾ ਅਯੋਜਨ ਕੀਤਾ ਜਾ ਰਿਹਾ ਹੈ ਜੋ ਕੈਨੇਡਾ ਵਿੱਚ ਪੰਜਾਬੀਆਂ ਅਤੇ ਪੰਜਾਬਣਾਂ ਦੀ ਚਹੇਤੀ ਖੇਡ ਦਾ ਆਪਣੀ ਕਿਸਮ ਦਾ ਪਹਿਲਾ ਵਿਸ਼ੇਸ਼ ਖੇਡ ਮੇਲਾ ਹੋਵੇਗਾ। ਉਨਾਂ ਨੇ ਦੱਸਿਆ ਕਿ ਪੀਲ ਰਿਜਨਲ ਕੱਬਡੀ ਮੇਲੇ ਵਿੱਚ ਕੈਸਲਬਰੁੱਕ, ਲੁਈਸ ਆਰਥਰ, ਸੰਦਲਵੁੱਡ ਹਾਈਟਸ, ਡੇਵਿਡ ਸਜ਼ੂਕੀ, ਅਤੇ ਹੰਬਰਵਿਊ ਸੈਕੰਡਰੀ ਸਕੂਲਾਂ ਦੀਆਂ ਟੀਮਾਂ ਦੇ ਮੁਕਾਬਲੇ ਹੋਣਗੇ ਜਿਨ੍ਹਾਂ ਵਿੱਚ ਮੁੰਡਿਆਂ ਦੀਆਂ ਪੰਜ ਅਤੇ ਕੁੜੀਆਂ ਦੀਆਂ ਦੋ ਟੀਮਾਂ ਨੇ ਖੇਡਣਾ ਹੈ। ਕੱਬਡੀ ਮੇਲਾ ਬਰੈਂਟਪਨ 'ਚ ਵਾਰਡ 10 ਵਿਖੇ ਸੰਦਲਵੁੱਡ ਹਾਈਟਸ ਸੈਕੰਡਰੀ ਸਕੂਲ ਵਿੱਚ 5 ਜੂਨ ਨੂੰ ਸਵੇਰੇ 9 ਵਜੇ ਸ਼ੁਰੂ ਹੋਵੇਗਾ। ਸ. ਜੌਹਲ ਨੇ ਕਿਹਾ ਕਿ ਬੋਰਡ ਵਲੋਂ ਬੀਤੇ ਮਹੀਨਿਆਂ ਤੋਂ ਕੱਬਡੀ ਸ਼ੁਰੂ ਕਰਨ ਲਈ ਯੋਜਨਾਬੱਧ ਤਰੀਕੇ ਨਾਲ਼ ਕੰਮ ਕੀਤਾ ਜਾ ਰਿਹਾ ਸੀ ਅਤੇ ਕੱਬਡੀ ਪ੍ਰਤੀ ਸਕੂਲਾਂ ਦੇ ਬਹੁਤ ਸਾਰੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਡੂੰਘੀ ਦਿਲਚਸਪੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਆਖਿਆ ਕਿ ਕਬੱਡੀ ਦੇ ਨਾਲ਼ ਹੀ ਸਕੂਲਾਂ ਵਿੱਚ ਬੱਚਿਆਂ ਨੂੰ

## ਸੀਨੀਅਰ ਬਲੈਕ ਓਕ ਕਲੱਬ ਬਰੈਂਪਟਨ ਵੱਲੋਂ ਕਰਵਾਇਆ ਵਿਸਾਖੀ ਦਿਹਾੜੇ ਨੂੰ ਸਮਰਪਿਤ ਸਮਾਰੋਹ

### (ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਕਲੱਬ ਵਲੋਂ ਦਿੱਤੇ ਵਿਸ਼ੇਸ਼ ਸਦੇ ਤੇ ਹੋਏ ਸ਼ਾਮਲ)





ਬਰੈਂਪਟਨ: ਸੀਨੀਅਰਜ਼ ਬਲੈਕ ਓਕ ਕਲੱਬ (ਰਜਿ:) ਬਰੈਪਟਨ ਵਲੋਂ ਬਲਿਉ ਓਕ ਪਾਰਕ ਵਿਖੇ 17 ਮਈ 2025 (ਸਨੀਚਰਵਾਰ) ਨੂੰ ਕਲੱਬ ਦੇ ਪ੍ਰਧਾਨ ਸ਼੍ਰੀ ਪਰਮਜੀਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਵਿਸਾਖੀ ਦਿਹਾੜੇ ਨੂੰ ਸਮਰਪਿਤ ਸਮਾਰੋਹ ਅਯੋਜ਼ਤ ਕੀਤਾ ਗਿਆ। ਇਸ ਸਮਾਰੋਹ ਵਿਚ ਕਲੱਬ ਦੇ ਅਹੁਦੇਦਾਰਾਂ, ਮੈਬਰਾਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਪਹੁੰਚੇ ਵੱਡੀ ਗਿਣਤੀ ਮਹਿਮਾਨਾਂ ਨੇ ਸ਼ਿਰਕਤ ਕੀਤੀ ਅਤੇ ਪ੍ਰੋਗਰਾਮ ਦਾ ਅਨੰਦ ਮਾਣਿਆਂ।

ਸਟੇਜ਼ ਸੰਚਾਲਣ ਦੀ ਜ਼ਿੰਮੇਵਾਰੀ ਕਲੱਬ ਦੇ ਜਨਰਲ ਸਕੱਤਰ ਜਸਵੰਤ ਸਿੰਘ ਧਾਲੀਵਾਲ ਵਲੋਂ ਨਿਭਾਈ ਗਈ। ਉਨਾਂ ਵਲੋਂ ਮੰਚ ਤੇ ਉਪਸਥਿਤ ਹਾਜ਼ਰੀਨ ਅਤੇ ਸਮਾਗਮ ਵਿਚ ਸ਼ਾਮਲ ਹੋਏ ਸਾਰੇ ਸਜ਼ਨਾਂ ਨੂੰ ਜੀ ਆਇਆਂ ਆਖਿਆ ਅਤੇ ਵਿਸਾਖੀ ਅਤੇ ਖਾਲਸਾ ਸਾਜਨਾਂ ਦਿਵਸ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰੋਫੈਸਰ ਹਰਨੇਕ ਸਿੰਘ ਗਿੱਲ ਵਲੋਂ ਵਿਸਾਖੀ ਦਿਹਾੜੇ ਦੀ ਮਹਾਨਤਾ ਬਾਰੇ ਵਰਨਣ ਕੀਤਾ ਅਤੇ ਦਸਿਆ ਕਿ ਵਿਸਾਖੀ ਦਿਹਾੜੇ ਤੇ ਸਿਖ ਪੰਥ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 1699 ਇਸ਼ਵੀ ਨੂੰ ਖੰਡੇ ਬਾਟੇ ਦਾ ਅਮ੍ਰਿਤ ਛਕਾ ਕੇ ਖਾਲਸੇ ਦੀ ਸਿਰਜ਼ਨਾਂ ਕੀਤੀ ਗਈ ਸੀ। ਇਸ ਲਈ ਸਿੱਖ ਜਗਤ ਵਿੱਚ ਇਸ ਦਿਹਾੜੇ ਦੀ ਵਿਸ਼ੇਸ਼ ਮਹੱਤਤਾ ਹੈ। ਇਹ ਦਿਹਾੜਾ ਹਾੜੀ ਦੀਆਂ ਫਸਲਾਂ ਪੱਕਣ ਨਾਲ ਵੀ ਜੁੜਿਆ ਹੋਇਆ ਹੈ ਅਤੇ ਭਾਰਤ ਦੇਸ਼ ਦੇ ਵੱਖ ਵੱਖ ਰਾਜ਼ਾਂ ਵਿਚ ਵੱਖ ਵੱਖ ਕੌਮਾਂ ਦੇ ਲੋਕ ਇਸ ਦਿਹਾੜੇ ਨੂੰ ਆਪਣੇ ਤੌਰ 'ਤੇ ਮਨਾਉਂਦੇ ਹਨ। ਇਸ ਮੌਕੇ ਕਲੱਬ ਦੇ ਡਾਇਰੈਕਟਰ ਸ਼੍ਰੀ ਸੁਰਿੰਦਰ ਸਿੰਘ ਜੱਸਲ ਵਲੋਂ ਸਿੱਖ ਫਲਸਫਲੇ ਨਾਲ ਸਬੰਧਤ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਬਰੈਂਪਟਨ ਦੇ ਡਿਪਟੀ ਮੇਅਰ ਸ਼੍ਰੀ ਹਰਕੀਰਤ ਸਿੰਘ ਅਤੇ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਕਲੱਬ ਵਲੋਂ ਦਿੱਤੇ ਵਿਸ਼ੇਸ਼ ਸਦੇ ਤੇ ਸ਼ਾਮਲ ਹੋਏ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਕਲੱਬ ਦੇ ਸਰਪਰਸਤ ਸ਼੍ਰੀ ਆਤਮਾਂ ਸਿੰਘ ਬਰਾੜ, ਅਤੇ ਪ੍ਰਧਾਨ ਪਰਮਜੀਤ ਸਿੰਘ ਬਰਾੜ ਵਲੋਂ ਕੋਮਉਨਿਟੀ ਨੂੰ ਪੇਸ਼ ਮੁਸ਼ਕਲਾਂ ਅਤੇ ਮਸਲਿਆਂ ਬਾਰੇ ਜਿਕਰ ਕੀਤਾ ਜਿਹਨਾਂ ਬਾਰੇ ਡਿਪਟੀ ਮੇਅਰ ਹਰਕੀਰਤ ਜੀ ਅਤੇ ਕੌਂਸਲਰ ਤੂਰ ਵਲੋਂ ਜਲਦੀ ਹੱਲ ਕਰਨ ਅਤੇ ਕਲੱਬ ਨੂੰ ਹਰ ਤਰਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਸ਼੍ਰੀ ਗਰਾਹਮ ਗਰੇਗਰ ਐਮਪੀਪੀ ਜੀ ਵਲੋਂ ਵਿਸ਼ੇਸ਼ ਤੌਰ ਤੇ ਭੇਜਿਆ ਵਧਾਈ ਸੰਦੇਸ਼$ਸਨਮਾਨ ਚਿੰਨ ਸੀਨੀਅਰ ਆਗੂ ਸ਼੍ਰੀ ਜੋਤਿੰਦਰ ਸਿੰਘ ਸੋਢੀ ਵਲੋਂ ਕਲੱਬ ਦੇ ਪ੍ਰਧਾਨ ਪ੍ਰਧਾਨ ਪਰਮਜੀਤ ਸਿੰਘ ਬਰਾੜ, ਸ੍ਰੀਮੀਤ ਪ੍ਰਧਾਨ ਪ੍ਰਿਥੀ ਸਿੰਘ ਮਾਨ, ਡਾਇਰੈਕਟਰ ਨਿਰਮਲ ਸਿੰਘ ਤੂਰ ਅਤੇ ਹੋਰਨਾਂ ਨੂੰ ਭੇਟ ਕੀਤਾ। ਗੁਰਪ੍ਰੀਤ ਸਿੰਘ ਨਾਗਰਾ ਵਲੋਂ ਉਚੀ ਧੁੰਨ ਵਿਚ ਗੁਰਬਾਣੀ ਦੀ ਧਾਰਨਾ ਸੁਣਾ ਕੇ ਰੰਗ ਬੰਨਿਆਂ। ਸ਼੍ਰੀ ਹਾਕਮ ਸਿੰਘ ਧਾਲੀਵਾਲ, ਜਗੀਰ ਸਿੰਘ ਕਾਲਕਟ, ਕੁਲਵੰਤ ਸਿੰਘ ਸਮਰਾ, ਗੁਰਿੰਦਰ ਸਿੰਘ ਬਰਾੜ, ਮਹੇਸ਼ ਸੈਣੀ, ਬਲਤੇਜ਼ ਢਿਲੋਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਫੋਟੋਗ੍ਰਾਫੀ ਦੀ ਸੇਵਾ ਸ਼੍ਰੀ ਰਾਮ ਦਿਆਲ ਵਲੋਂ ਨਿਭਾਈ ਗਈ। ਅੰਤ ਵਿਚ ਕਲੱਬ ਦੇ ਪ੍ਰਧਾਨ ਸ਼੍ਰੀ ਪਰਮਜੀਤ ਸਿੰਘ ਬਰਾੜ ਨੇ ਸਭ ਨੂੰ ਵਿਸਾਖੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਸਮਾਗਮ ਵਿੱਚ ਸ਼ਾਮਲ ਹੋਣ ਤੇ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ। ਉਨਾਂ ਦਸਿਆ ਕਿ ਭਾਵੇਂ ਵੱਡੀ ਗਿਣਤੀ ਪੰਜਾਬੀ ਵੱਖ ਵੱਖ ਦੇਸ਼ਾਂ ਵਿਚ ਪ੍ਰਵਾਸ ਕਰ ਗਏ ਹਨ ਫਿਰ ਵੀ ਉਹ ਆਪਣੇ ਦੇਸ਼ ਅਤੇ ਰਾਜ਼ਾਂ ਦੀ ਮਿਟੀ ਦੇ ਮੋਹ ਨਾਲ ਜੁੜੇ ਹੋਏ ਹਨ ਅਤੇ ਆਪਣੇ ਇਤਹਾਸਕ ਦਿਹਾੜੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦੇ ਹਨ। ਪ੍ਰਬੰਧਕਾਂ ਵਲੋਂ ਹਾਜ਼ਰੀਨ ਵਾਸਤੇ ਚਾਹ, ਪਕੌੜੇ, ਮਠਿਆਈ ਅਤੇ ਠੰਡੇ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਸਾਰਿਆਂ ਨੇ ਅਨੰਦ ਮਾਣਿਆ।

ਸ਼੍ਰੀ ਪਰਮਜੀਤ ਸਿੰਘ ਬਰਾੜ, ਪ੍ਰਧਾਨ, ਜਨਰਲ ਸਕੱਤਰ ਜਸਵੰਤ ਸਿੰਘ ਧਾਲੀਵਾਲ ਅਤੇ ਸ਼੍ਰੀ ਪਿਰਥੀ ਸਿੰਘ ਮਾਨ, ਸੀ. ਮੀਤ ਪ੍ਰਧਾਨ ਸੀਨੀਅਰ ਬਲੈਕ ਓਕ ਕਲੱਬ, ਬਰੈਂਪਟਨ (ਰਜਿ:)

## ਜਗਦੀਸ਼ ਭੋਲਾ ਨੂੰ ਤਿੰਨੇ ਮਾਮਲਿਆਂ 'ਚ ਮਿਲੀ ਜ਼ਮਾਨਤ, ਸਜ਼ਾ ਮੁਅੱਤਲ



ਹਜ਼ਾਰਾਂ ਕਰੋੜ ਰੁਪਏ ਦੇ ਡਰੱਗਜ਼ ਕੇਸ ਵਿਚ ਸਜ਼ਾ ਕੱਟ ਰਹੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀਐਸਪੀ ਪਹਿਲਵਾਨ ਜਗਦੀਸ਼ ਭੋਲਾ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸੀਲਾਸ ਨਾਗੂ ਦੀ ਡਵੀਜ਼ਨ ਬੈਂਚ ਨੇ ਬੁਧਵਾਰ ਨੂੰ ਤਸਕਰੀ ਦੇ ਦੋ ਕੇਸਾਂ ਅਤੇ ਮਨੀ ਲਾਂਡਰਿੰਗ ਦੇ ਇਕ ਕੇਸ ਵਿਚ ਵੱਡੀ ਰਾਹਤ ਦਿਤੀ ਹੈ।

ਭੋਲਾ ਵਿਰੁਧ ਤਿੰਨੇ ਮਾਮਲਿਆਂ ਦੀ ਸਜ਼ਾ ਮੁਅੱਤਲ ਕਰ ਦਿਤੀ ਗਈ ਹੈ ਤੇ ਇਸ ਨਾਲ ਉਸ ਨੂੰ ਜ਼ਮਾਨਤ ਵੀ ਮਿਲ ਗਈ ਹੈ, ਜਿਸ ਨਾਲ ਉਸ ਦੇ ਸਾਢੇ 10 ਸਾਲ ਬਾਅਦ ਜੇਲ੍ਹ ਤੋਂ ਬਾਹਰ ਆਉਣ ਦਾ ਰਸਤਾ ਸਾਫ਼ ਹੋ ਗਿਆ ਹੈ। ਭੋਲਾ ਵਿਰੁੱਧ ਸਾਲ 2013 ਵਿੱਚ ਐਨਡੀਪੀਐਸ ਐਕਟ ਤਹਿਤ ਫਤਹਿਗੜ੍ਹ ਸਾਹਿਬ ਤੇ ਦੂਜਾ ਇੱਕ ਹੋਰ ਮਾਮਲਾ ਦਰਜ ਕੀਤਾ ਗਿਆ ਸੀ ਤੇ ਹਜਾਰਾਂ ਕਰੋੜ ਰੁਪਏ ਦਾ ਡਰੱਗਜ਼ ਧੰਦਾ ਹੋਨ ਦੇ ਚਲਦਿਆਂ ਈਡੀ ਨੇ ਪੀਐਮਐਲਏ ਦਾ ਇੱਕ ਹੋਰ ਮਾਮਲਾ ਦਰਜ ਕੀਤਾ ਸੀ ਤੇ ਤਿੰਨੇ ਮਾਮਲਿਆਂ ਵਿੱਚ ਭੋਲਾ ਨੂੰ ਸਜਾਵਾਂ ਹੋ ਚੁੱਕੀਆਂ ਸਨ ਤੇ ਇੱਕ ਮਾਮਲੇ ਵਿੱਚ ਸਜਾ ਪੂਰੀ ਵੀ ਹੋ ਚੁੱਕੀ ਸੀ।

ਇਨ੍ਹਾਂ ਤਿੰਨੇ ਸਜਾਵਾਂ ਵਿਰੁੱਧ ਭੋਲਾ ਨੇ ਹਾਈਕੋਰਟ ਵਿੱਚ ਅਪੀਲਾਂ ਕੀਤੀਆਂ ਸੀ, ਜਿਹੜੀਆਂ ਕਿ ਵਿਚਾਰ ਅਧੀਨ ਹਨ ਤੇ ਇਨ੍ਹਾਂ ਅਪੀਲਾਂ ਵਿੱਚ ਭੋਲਾ ਨੇ ਸਜਾਵਾਂ ਮੁਅੱਤਲ ਕਰਨ ਲਈ ਅਰਜੀਆਂ ਦਾਖ਼ਲ ਕੀਤੀਆਂ ਸਨ, ਜਿਹੜੀਆਂ ਕਿ ਬੁੱਧਵਾਰ ਨੂੰ ਮੰਜ਼ੂਰ ਕਰ ਲਈਆਂ ਗਈਆਂ ਹਨ, ਹਾਲਾਂਕਿ ਅਰਜੀਆਂ 'ਤੇ ਬਹਿਸ ਕਰਦਿਆਂ ਪੰਜਾਬ ਸਰਕਾਰ ਨੇ ਪੈਰਵੀ ਕੀਤੀ ਲੀ ਕਿ ਭੋਲਾ ਨੂੰ ਵੱਖ-ਵੱਖ ਕੇਸਾਂ ਵਿੱਚ ਵੱਖ-ਵੱਖ ਸਜਾਵਾਂ ਹੋਈਆਂ ਲਿਹਾਜਾ ਇਹ ਸਜਾਵਾਂ ਇੱਕੋ ਸਮੇਂ ਨਾਲ-ਨਾਲ ਨਾ ਚੱਲ ਕੇ ਵੱਖ-ਵੱਖ ਚੱਲਣੀਆਂ ਚਾਹੀਦੀਆਂ ਹਨ। ਇਸ ਦਾ ਮਤਲਬ, ਪਹਿਲਾਂ ਇੱਕ ਸਜ਼ਾ ਪੂਰੀ ਹੋਮ ਕੇ ਫੇਰ ਦੂਜੇ ਮਾਮਲੇ ਵਿੱਚ ਸਜ਼ਾ ਸ਼ੁਰੂ ਹੋਵੇ। ਬੈਂਚ ਪੰਜਾਬ ਸਰਕਾਰ ਨੂੰ ਪਹਿਲਾਂ ਵੀ ਪੁੱਛ ਚੁੱਕੀ ਸੀ ਕਿ ਆਖਰ ਕਿਸੇ ਮੁਲਜ਼ਮ ਨੂੰ ਇੰਨਾ ਲੰਮਾ ਸਮਾਂ ਜੇਲ੍ਹ ਵਿੱਚ ਬੰਦ ਕਿਵੇਂ ਰੱਖਿਅਕ ਜਾ ਸਕਦਾ ਹੈ। ਬੁੱਧਵਾਰ ਨੂੰ ਭੋਲਾ ਦੀਆਂ ਸਜਾਵਾਂ ਮੁਅੱਤਲ ਹੋਈਆਂ ਹਨ ਪਰ ਸਜਾਵਾਂ ਵਿਰੁੱਧ ਅਪੀਲਾਂ 'ਤੇ ਅਜੇ ਸੁਣਵਾਈ ਜਾਰੀ ਰਹੇਗੀ। ਜਿਕਰਯੋਗ ਹੈ ਕਿ ਇਹ ਉਹੀ ਕੇਸ ਹੈ, ਜਿਸ ਵਿੱਚ ਭੋਲਾ ਨੇ ਡਰੱਗਜ਼ ਧੰਦੇ ਪਿੱਛੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦਾ ਨਾਮ ਲਿਆ ਸੀ ਪਰ ਹਾਈਕੋਰਟ ਵੱਲੋਂ ਮੰਗੀ ਰਿਪੋਰਟ ਵਿਚ ਜਾਂਚ ਏਜੰਸੀ ਨੇ ਮਜੀਠੀਆ ਦਾ ਨਾਮ ਨਹੀਂ ਲਿਆ ਸੀ।

## ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਤੋਂ ਬੇਮੁੱਖ ਹੋਏ ਧੜੇ ਦਾ ਮੈਂਬਰ ਬਣਨ ਦਾ ਕੋਈ ਵਿਚਾਰ ਨਹੀਂ: ਮਨਪ੍ਰੀਤ ਇਯਾਲੀ



ਦਾਖਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਭਗੌੜਾ ਦਲ (ਬਾਦਲ ਧੜੇ )ਦੇ ਮੁਖੀ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਜਵਾਬ ਵਿੱਚ ਕਿਹਾ ਕਿ, ਓਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਇੰਨ ਬਿੰਨ ਪਾਲਣਾ ਲਈ ਪੂਰਨ ਤੌਰ ਤੇ ਸਮਰਪਿਤ ਹਨ।

ਇਯਾਲੀ ਨੇ ਕਿਹਾ ਕਿ ਓਹਨਾ ਨੇ ਆਪਣੇ ਸਿਆਸੀ ਜੀਵਨ ਵਿੱਚ ਕਦੇ ਵੀ ਇਖ਼ਲਾਕ ਤੋ ਹੇਠਲੀ ਸਿਆਸਤ ਨਹੀਂ ਕੀਤੀ । ਓਹਨਾ ਨੇ ਹਮੇਸ਼ਾ ਪੰਜਾਬ ਅਤੇ ਪੰਥ ਦੇ ਹਿੱਤਾਂ ਦੀ ਪਹਿਰੇਦਾਰੀ ਪਾਰਟੀ ਦੇ ਵਿੱਚ ਰਹਿਕੇ ਵਫਾਦਾਰੀ ਨਾਲ ਕੀਤੀ। ਕੇਂਦਰ ਦੇ ਕਿਸਾਨ ਵਿਰੋਧੀ ਆਰਡੀਨੈਂਸ ਦਾ ਉਸ ਵੇਲੇ ਸਖ਼ਤ ਵਿਰੋਧ ਕੀਤਾ ਜਦੋਂ ਪੂਰੀ ਪਾਰਟੀ ਦੀ ਲੀਡਰਸ਼ਿਪ ਜਿਹੜੀ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਸੀ, ਇਹਨਾਂ ਆਰਡੀਨੈਂਸ ਨੂੰ ਸਹੀ ਗਿਰਦਾਨ ਰਹੀ ਸੀ। ਇਸ ਤੋਂ ਬਾਅਦ ਜਦੋਂ ਰਾਸ਼ਟਰਪਤੀ ਦੀ ਚੋਣ ਦਾ ਮੌਕਾ ਆਇਆ ਤਾਂ ਓਹਨਾ ਨੇ ਉਸ ਵੇਲੇ ਵੀ ਉਹਨਾਂ ਨੇ ਪੰਜਾਬ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖੜਨ ਦਾ ਫੈਸਲਾ ਕਰਦੇ ਹੋਏ, ਵੋਟ ਪਾਉਣ ਤੋਂ ਬਾਈਕਾਟ ਕੀਤਾ। ਇਸ ਵੇਲੇ ਜਦੋਂ ਓਹਨਾ ਨੇ ਪੂਰੇ ਤਰੀਕੇ ਨਾਲ ਸਿਆਸਤ ਛੱਡਣ ਦਾ ਮਨ ਬਣਾ ਲਿਆ ਸੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਾਂ ਤੋ ਬਾਅਦ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਰਾਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰਨ ਸਮਰਪਿਤ ਭਾਵਨਾ ਹੇਠ ਹੁਕਮਨਾਮਾ ਸਾਹਿਬ ਦੀ ਭਾਵਨਾ ਨੂੰ ਪੂਰਾ ਕਰਨ ਦੀ ਵਚਨਬੱਧਤਾ ਅਤੇ ਆਪਣੀ ਇਖਲਾਕੀ ਜ਼ਿੰਮੇਵਾਰੀ ਨਿਭਾਅ ਰਹੇ ਹਨ।

ਇਯਾਲੀ ਨੇ ਕਿਹਾ ਕਿ,ਲੜਾਈ ਸਿਧਾਂਤਾ ਦੀ ਹੀ, ਅਸੀਂ ਹੁਕਮਨਾਮਾ ਸਾਹਿਬ ਦੀ ਭਾਵਨਾ ਨੂੰ ਪੂਰਨ ਰੂਪ ਵਿੱਚ ਸਮਰਪਿਤ ਹਾਂ। ਜ਼ਿੰਦਗੀ ਦੇ ਆਖਰੀ ਸਾਹ ਤੱਕ ਸਮਰਪਿਤ ਰਹਾਂਗੇ। ਇਸ ਦੇ ਨਾਲ ਹੀ ਸਰਦਾਰ ਇਯਾਲੀ ਨੇ ਕਿਹਾ ਕਿ ਓਹਨਾਂ ਨੂੰ ਆਪਣੀ ਇਮਾਨਦਾਰੀ ਦੀ ਸਿਆਸਤ ਲਈ ਕਿਸੇ ਤੋ ਸਰਟੀਫਿਕੇਟ ਦੀ ਲੋੜ ਨਹੀਂ ਹੈ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
ROKU
eBaba Ent
webtv
YUPPTV
GET IT ON Google Play
Shava tv
Jadoo tv
Cruze tv
amazon fireTV

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

NOW WIDELY AVAILABLE IN AMERICA & CANADA
For informatin call Lakhwinder Sandhu
905-673-7666

## ਪਿਛਲੀਆਂ ਦੋ ਸਫ਼ਲ ਟਰਮਾਂ ਤੋਂ ਬਾਅਦ ਬਰੈਂਪਟਨ ਦੀ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੀ ਕਾਰਜਕਾਰਨੀ ਨੂੰ ਦਿੱਤੀ ਗਈ ਇੱਕ ਹੋਰ ਟਰਮ

### ਦੋ ਔਰਤਾਂ ਤੇ ਇੱਕ ਨਵਾਂ ਮੈਂਬਰ ਕਾਰਜਕਾਰਨੀ ਕਮੇਟੀ ਵਿੱਚ ਸ਼ਾਮਲ ਕੀਤੇ ਗਏ







ਬਰੈਂਪਟਨ, (ਡਾ. ਝੰਡ) - ਪਿਛਲੇ ਦਿਨੀਂ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੀ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਗਈ। ਇਸ ਵਿੱਚ ਬਰੈਂਪਟਨ ਦੀਆਂ 42 ਵੱਖ-ਵੱਖ ਸੀਨੀਅਰਜ਼ ਕਲੱਬਾਂ ਜੋ ਇਸ ਐਸੋਸੀਏਸ਼ਨ ਦੀਆਂ ਮੈਂਬਰ ਹਨ, ਦੇ 2-2 ਨੁਮਾਇੰਦੇ ਸ਼ਾਮਲ ਹੋਏ। ਉਨ੍ਹਾਂ ਵੱਲੋਂ ਸਰਬਸੰਮਤੀ ਨਾਲ ਤਿੰਨ-ਤਿੰਨ ਸਾਲਾਂ ਦੀਆਂ ਪਿਛਲੀਆਂ ਦੋ ਟਰਮਾਂ ਤੋਂ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਦੀ ਅਗਵਾਈ ਵਿੱਚ ਕੰਮ ਰਹੀ ਸੁਹਿਰਦਤਾ ਨਾਲ ਕੰਮ ਕਰਦੀ ਆ ਰਹੀ ਐਗਜ਼ੈਕਟਿਵ ਕਮੇਟੀ ਨੂੰ ਅਗਲੇ ਤਿੰਨ ਸਾਲ ਹੋਰ ਕੰਮ ਕਰਨ ਲਈ ਬੇਨਤੀ ਕੀਤੀ ਗਈ।

ਸਰਬਸੰਮਤੀ ਨਾਲ ਹੋਈ ਮੈਂਬਰਾਂ ਦੀ ਇਸ ਆਮ-ਰਾਇ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਮੰਤਵ ਲਈ ਗਠਿਤ ਕੀਤੀ ਗਈ ਤਿੰਨ ਮੈਂਬਰੀ ਚੋਣ ਕਮੇਟੀ ਦੇ ਮੈਂਬਰਾਂ ਹਰਬੰਸ ਸਿੰਘ ਸਿੱਧੂ, ਦਵਿੰਦਰ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਵੱਲੋਂ ਅਗਲੇ ਤਿੰਨ ਸਾਲਾਂ ਲਈ ਜੰਗੀਰ ਸਿੰਘ ਸੈਂਹਬੀ ਪ੍ਰਧਾਨ, ਰਣਜੀਤ ਸਿੰਘ ਤੱਗੜ ਉੱਪ-ਪ੍ਰਧਾਨ, ਪ੍ਰੀਤਮ ਸਿੰਘ ਸਰਾਂ ਜਨਰਲ ਸਕੱਤਰ, ਅਮਰੀਕ ਸਿੰਘ ਕੁਮਰੀਆ ਕੈਸ਼ੀਅਰ, ਮੋਹਿੰਦਰ ਸਿੰਘ ਮੋਹੀ ਮੀਡੀਆ ਐਡਵਾਈਜ਼ਰ ਅਤੇ ਇਕਬਾਲ ਸਿੰਘ ਵਿਰਕ ਡਾਇਰੈਕਟਰ ਵਜੋਂ ਨਾਵਾਂ ਦਾ ਐਲਾਨ ਕੀਤਾ ਗਿਆ। ਪਿਛਲੀ ਕਾਰਜਕਾਰਨੀ ਕਮੇਟੀ ਵਿੱਚ ਕੰਮ ਕਰ ਰਹੇ ਡਾਇਰੈਕਟਰ ਪ੍ਰਿਤਪਾਲ ਸਿੰਘ ਗਰੇਵਾਲ ਵੱਲੋਂ ਨਿੱਜੀ ਮਜਬੂਰੀ ਕਾਰਨ ਅੱਗੋਂ ਕੰਮ ਕਰਨ ਤੋਂ ਅਸਮਰੱਥਾ ਜ਼ਾਹਿਰ ਕਰਨ 'ਤੇ ਉਨ੍ਹਾਂ ਦੀ ਥਾਂ ਲਾਲ ਸਿੰਘ ਬਰਾੜ ਨੂੰ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਐਸੋਸੀਏਸ਼ਨ ਦੀ ਐਗਜ਼ੈਕਟਿਵ ਵਿੱਚ ਔਰਤਾਂ ਨੂੰ ਨੁਮਾਇੰਦਗੀ ਦੇਣ ਲਈ ਕੁਲਦੀਪ ਕੌਰ ਗਰੇਵਾਲ ਅਤੇ ਰਜਨੀ ਸ਼ਰਮਾ ਨੂੰ ਡਾਇਰੈੱਕਟਰਜ਼ ਵਜੋਂ ਸ਼ਾਮਲ ਕੀਤਾ ਗਿਆ। ਐਸੋਸੀਏਸ਼ਨ ਦੇ ਮੁੜ-ਨਿਯੁਕਤ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਚੋਣ ਕਮੇਟੀ ਵੱਲੋਂ ਬੜੇ ਵਧੀਆ ਢੰਗ ਨਾਲ ਨਿਭਾਈ ਗਈ ਡਿਊਟੀ ਲਈ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਐਸੋਸੀਏਸ਼ਨ ਨੂੰ ਸਾਰੇ ਮੈਂਬਰਾਂ ਦੇ ਸਹਿਯੋਗ ਨਾਲ ਅਗਲੇ ਤਿੰਨ ਸਾਲ ਹੋਰ ਵੀ ਬੇਹਤਰ ਤਰੀਕੇ ਨਾਲ ਚਲਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਇਹ ਖ਼ੁਸ਼ਖ਼ਬਰੀ ਵੀ ਸਾਂਝੀ ਕੀਤੀ ਕਿ ਬਰੈਂਪਟਨ ਵਿੱਚ ਸ. ਮੱਘਰ ਸਿੰਘ ਦੀ ਅਗਵਾਈ ਵਿੱਚ ਸਮਾਜਿਕ ਤੇ ਸੱਭਿਆਚਾਰਕ ਕੰਮ ਕਰ ਰਹੀ ਸਭ ਤੋਂ ਪੁਰਾਣੀ ਕਲੱਬ 'ਇੰਡੀਆ ਇੰਟਰਨੈਸ਼ਨਲ ਸੀਨੀਅਰਜ਼ ਕਲੱਬ' ਵੀ ਇਸ ਐਸੋਸੀਏਸ਼ਨ ਦੀ ਮੈਂਬਰ ਬਣ ਗਈ ਹੈ।

ਉਨ੍ਹਾਂ ਵੱਲੋਂ 'ਕੈਸੀ ਕੈਂਬਲ ਸੀਨੀਅਰਜ਼ ਕਲੱਬ' ਅਤੇ 'ਸੈਂਡਲਵੁੱਡਸੀਨੀਅਰਜ਼ ਕਲੱਬ ਵੱਲੋਂ ਇਸ ਮੌਕੇ ਮਿਲ ਕੇ ਕੀਤੇ ਗਏ ਰਿਫ਼ਰੈੱਸ਼ਮੈਂਟ ਦੇ ਸ਼ਾਨਦਾਰ ਪ੍ਰਬੰਧਾਂ ਲਈ ਦੋਹਾਂ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਐਸੋਸੀਏਸ਼ਨ ਦੇ ਪਹਿਲੇ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਜਿਨ੍ਹਾਂ ਨੇ ਇਸ ਐਸੋਸੀਏਸ਼ਨ ਦੀ ਕਾਫ਼ੀ ਲੰਮਾ ਸਮਾ ਅਗਵਾਈ ਕੀਤੀ, ਵੀ ਇਸ ਮੌਕੇ ਹਾਜ਼ਰ ਸਨ।

# 25 ਮਈ ਐਤਵਾਰ ਨੂੰ ਹੋ ਰਹੇ 'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' ਗਰੈਂਡ ਈਵੈਂਟ ਲਈ ਤਿਆਰੀਆਂ ਮੁਕੰਮਲ

### 1200 ਦੇ ਲੱਗਭੱਗ ਦੌੜਾਕ/ਵਾੱਕਰ ਤੇ 200 ਤੋਂ ਵਧੇਰੇ ਵਾਲੰਟੀਅਰ ਲੈ ਰਹੇ ਨੇ ਹਿੱਸਾ

### ਟੀਪੀਏਆਰ ਕਲੱਬ ਦੇ 90 ਮੈਂਬਰ ਇਸ ਈਵੈਂਟ 'ਚ ਸ਼ਾਮਲ ਹੋ ਰਹੇ ਹਨ





ਬਰੈਂਪਟਨ, (ਡਾ. ਝੰਡ): ਐਤਵਾਰ 25 ਮਈ ਨੂੰ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿੱਚ ਕਰਵਾਈ ਜਾ ਰਹੀ 'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' ਲਈ ਤਿਆਰੀਆਂ ਪ੍ਰਬੰਧਕਾਂ ਵੱਲੋਂ ਮੁਕੰਮਲ ਕਰ ਲਈਆਂ ਗਈਆਂ ਹਨ। ਲੱਗਭੱਗ 1200 ਦੌੜਾਕ ਤੇ ਵਾੱਕਰ ਇਸ ਵਿੱਚ ਹੋਣ ਵਾਲੀਆਂ ਵੱਖ-ਵੱਖ ਦੌੜਾਂ ਵਿੱਚ ਭਾਗ ਲੈ ਰਹੇ ਹਨ। ਇਸ ਦੇ ਨਾਲ ਹੀ ਇਸ ਈਵੈਂਟ ਦੌਰਾਨ 200 ਤੋਂ ਵਧੇਰੇ ਵਾਲੰਟੀਆਂ ਆਪੋ-ਆਪਣੀਆਂ ਡਿਊਟੀਆਂ ਸੰਭਾਲ ਰਹੇ ਹਨ। ਪਿਛਲੇ ਸਾਲ ਨਾਲੋਂ ਇਸ ਸਾਲ ਲੋਕਾਂ ਵਿੱਚ ਹੋਰ ਵੀ ਵਧੇਰੇ ਉਤਸ਼ਾਹ ਦਿਖਾਈ ਦੇ ਰਿਹਾ ਹੈ। ਇਹ ਈਵੈਂਟ ਹੁਣ ਬਰੈਂਪਟਨ ਸ਼ਹਿਰ ਤੱਕ ਹੀ ਸੀਮਤ ਨਹੀਂ ਰਿਹਾ ਹੈ, ਬਲਕਿ ਇਹ ਤਾਂ ਪੂਰੇ ਪੀਲ ਰੀਜਨ ਅਤੇ ਦੂਰ ਨੇੜੇ ਦੇ ਹੋਰ ਸ਼ਹਿਰਾਂ ਵਿੱਚ ਵੀ ਆਪਣੇ ਪੈਰ ਪਸਾਰ ਰਿਹਾ ਹੈ। ਇਹ ਈਵੈਂਟ ਛੇ ਸਥਾਨਕ ਚੈਰਿਟੀਆਂ ਦੀ ਸਾਂਝੀ ਸੰਸਥਾ 'ਇੰਸਪੀਰੇਸ਼ਨਲ ਸਟੈੱਪਸ' ਵੱਲੋਂ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ 'ਐਨਲਾਈਟ ਕਿੱਡਜ਼', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਸਹਾਇਤਾ', 'ਪਿੰਗਲਵਾੜਾ', 'ਡਰੱਗ ਅਵੇਅਰਨੈੱਸ ਸੋਸਾਇਟੀ ਆਫ਼ ਟੋਰਾਂਟੋ' ਅਤੇ 'ਤਰਕਸ਼ੀਲ ਸੋਸਾਇਟੀ' ਸ਼ਾਮਲ ਹਨ। ਇਨ੍ਹਾਂ ਦਾ ਸਾਂਝਾ ਮੰਤਵ ਲੋਕਾਂ ਵਿੱਚ ਨਾ ਕੇਵਲ ਚੰਗੀ ਸਿਹਤ ਤੇ ਤੰਦਰੁਸਤੀ ਨੂੰ ਹੀ ਉਤਸ਼ਾਹਿਤ ਕਰਨਾ ਹੈ, ਸਗੋਂ ਇਸ ਦੇ ਨਾਲ਼-ਨਾਲ਼ ਸਿਹਤ ਪ੍ਰਤੀ ਜਾਗਰੂਕਤਾ ਨੂੰ ਫ਼ੈਲਾਉਣਾ ਅਤੇ ਕਮਿਊਨਿਟੀ ਦੀ ਭਲਾਈ ਲਈ ਫ਼ੰਡ ਇਕੱਠਾ ਕਰਨਾ ਵੀ ਹੈ ਜਿਸ ਨਾਲ ਲੋੜਵੰਦ ਵਿਅੱਕਤੀਆਂ ਦੀ ਸਹਾਇਤਾ ਕੀਤੀ ਜਾ ਸਕੇ।

ਦੌੜਾਕਾਂ ਤੇ ਆਮ ਲੋਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ 'ਟੈਰੀ ਫ਼ੌਕਸ ਸਿੰਨਥੈਟਿਕ ਸਟੇਡੀਅਮ' ਇਸ ਵਾਰ ਉਪਲੱਭਧ ਨਾ ਹੋਣ ਕਾਰਨ ਇਸ ਵਾਰ ਇਸ ਈਵੈਂਟ ਲਈ ਸਟੇਜ ਅਤੇ ਟੈਂਟਾਂ, ਵਗ਼ੈਰਾ ਦਾ ਸਾਰਾ ਪ੍ਰਬੰਧ ਬਰੈਮਲੀ ਰੋਡ ਤੇ ਗੁੱਡਵੁੱਡ ਰੋਡ ਦੇ ਨੇੜਲੀ ਪਾਰਕਿੰਗ ਵਿੱਚ ਕੀਤਾ ਗਿਆ ਹੈ। ਸਨੈਕਸ, ਚਾਹ-ਪਾਣੀ ਤੇ ਖਾਣ-ਪੀਣ ਦੀਆਂ ਹੋਰ ਆਈਟਮਾਂ ਦੇ ਸਟਾਲ ਵੀ ਇੱਥੇ ਹੀ ਇਸ ਪਾਰਕਿੰਗ ਏਰੀਏ ਵਿੱਚ ਲਗਾਏ ਜਾ ਰਹੇ ਹਨ। ਇਸ ਲਈ ਇਹ ਪਾਰਕਿੰਗ ਕਾਰਾਂ ਦੀ ਪਾਰਕਿੰਗ ਲਈ ਉਪਲੱਭਧ ਨਹੀਂ ਹੋ ਸਕੇਗੀ ਅਤੇ ਉਨ੍ਹਾਂ ਨੂੰ ਆਪਣੀਆਂ ਵਿੱਚ ਗੱਡੀਆਂ ਚਿੰਗੁਆਕੂਜ਼ੀ ਪਾਰਕ ਦੇ ਪੱਛਮ ਵਾਲੇ ਪਾਸੇ ਸੈਂਟਰਲ ਰੋਡ ਵਾਲੀ ਪਾਰਕਿੰਗ ਜਾਂ ਫਿਰ ਬਰੈਮਲੀ ਸਿਟੀ ਸੈਂਟਰ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਵਿੱਚ ਲਗਾਉਣੀਆਂ ਪੈਣਗੀਆਂ।

ਇਸ ਈਵੈਂਟ ਵਿੱਚ ਹਾਫ਼-ਮੈਰਾਥਨ, 10 ਕਿਲੋਮੀਟਰ, 5 ਕਿਲੋਮੀਟਰ ਮੁਕਾਬਲੇ ਦੀਆਂ ਦੌੜਾਂ ਕਰਵਾਈਆਂ ਜਾ ਰਹੀਆਂ ਹਨ ਅਤੇ ਮਰਦਾਂ ਤੇ ਔਰਤਾਂ ਦੀਆਂ ਕੈਟਾਗਰੀਆਂ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ



'ਤੇ ਆਉਣ ਵਾਲਿਆਂ ਨੂੰ ਨਕਦ ਤੇ ਹੋਰ ਕਈ ਇਨਾਮ ਦਿੱਤੇ ਜਾਣਗੇ। ਹਾਫ਼-ਮੈਰਾਥਨ ਦੌੜ ਸਵੇਰੇ 7.30 ਵਜੇ ਆਰੰਭ ਹੋਵੇਗੀ, ਜਦ ਕਿ 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਕ੍ਰਮਵਾਰ 8.15 ਵਜੇ ਤੇ 8.40 ਵਜੇ ਸ਼ੁਰੂ ਕਰਵਾਈਆਂ ਜਾਣਗੀਆਂ। ਇਨ੍ਹਾਂ ਸਾਰੀਆਂ ਦੌੜਾਂ ਦਾ ਆਰੰਭਿਕ (ਸਟਾਰਟਿੰਗ ਪੁਆਇੰਟ) ਅਤੇ ਆਖ਼ਰੀ ਪੁਆਇੰਟ (ਫਿਨਿਸ਼ ਪੁਆਇੰਟ) ਬਰੈਮਲੀ ਰੋਡ ਉੱਪਰ ਕੁਈਨਜ਼ ਸਟਰੀਟ ਤੋਂ ਲੱਗਭੱਗ 200 ਗਜ਼ ਉੱਤਰ ਵਾਲੇ ਪਾਸੇ ਬਣਾਇਆ ਗਿਆ ਹੈ।

ਦੌੜਾਂ ਦੀ ਵੱਖ-ਵੱਖ ਦੂਰੀ ਨੂੰ ਮੁੱਖ ਰੱਖਦਿਆਂ ਹੋਇਆਂ ਦੌੜਾਕਾਂ ਨੂੰ ਇੱਥੋਂ ਆਰੰਭਿਕ ਪੁਆਇੰਟ ਤੋਂ ਸ਼ੁਰੂ ਹੋ ਕੇ ਬਰੈਮਲੀ ਰੋਡ ਉੱਪਰ ਵਿਲੀਅਮ ਪਾਰਕਵੇਅ ਨੂੰ ਪਾਰ ਕਰਕੇ ਅੱਗੋਂ ਨੌਰਥ ਪਾਰਕ ਤੋਂ ਥੋੜ੍ਹਾ ਜਿਹਾ ਪਹਿਲਾਂ ਵਾਪਸ ਮੁੜਨਾ ਹੈ। ਵੱਖ-ਵੱਖ ਦੌੜਾਂ ਲਈ ਬਰੈਮਲੀ ਰੋਡ ਉੱਪਰ ਲਗਾਏ ਜਾਣ ਵਾਲੇ 'ਚੱਕਰਾਂ'(1 ਲੈੱਗ = 2 ਲੈਪ) ਦੇ ਹਿਸਾਬ ਨਾਲ) ਦੀ ਗਿਣਤੀ ਕ੍ਰਮਵਾਰ ਚਾਰ, ਦੋ ਅਤੇ ਇੱਕ ਰੱਖੀ ਗਈ ਹੈ, ਭਾਵ ਕਿ ਹਾਫ਼-ਮੈਰਾਥਨ ਲਈ ਦੌੜਾਕਾਂ ਨੂੰ ਕੁਈਨ ਸਟਰੀਟ ਤੋਂ ਲੈ ਕੇ ਨੌਰਥ ਪਾਰਕਵੇਅ ਤੱਕ ਚਾਰ ਚੱਕਰ ਲਾਉਣੇ ਹੋਣਗੇ।

ਏਸੇ ਤਰ੍ਹਾਂ 10 ਕਿਲੋਮੀਟਰ ਦੌੜ ਲਈ ਦੋ ਚੱਕਰ ਅਤੇ 5 ਕਿਲੋਮੀਟਰ ਲਈ ਇੱਕ ਚੱਕਰ ਲਗਾ ਕੇ 'ਫਿਨਿਸ਼ ਪੁਆਇੰਟ' 'ਤੇ ਵਾਪਸ ਆਉਣਾ ਹੋਵੇਗਾ। ਉਨ੍ਹਾਂ ਦੀ ਸਹਾਇਤਾ ਲਈ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਵਾਲੰਟੀਅਰ ਤਾਇਨਾਤ ਕੀਤੇ ਜਾ ਰਹੇ ਹਨ ਜੋ ਵਾਟਰ ਸਟੇਸ਼ਨਾਂ ਤੇ ਪਾਣੀ ਪਿਆਉਣ ਦੀ ਸੇਵਾ ਵੀ ਕਰਨਗੇ। ਜ਼ਿਕਰਯੋਗ ਹੈ ਕਿ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ 90 ਮੈਂਬਰ ਇਸ ਈਵੈਂਟ ਦੌਰਾਨ ਵੱਖ-ਵੱਖ ਦੌੜਾਂ ਵਿੱਚ ਭਾਗ ਲੈ ਰਹੇ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਅਤੇ ਸੀਨੀਅਰਾਂ ਦੀਆਂ 400 ਮੀਟਰ ਅਤੇ ਇੱਕ ਕਿਲੋਮੀਟਰ ਦੌੜਾਂ ਵੀ ਕਰਵਾਈਆਂ ਜਾ ਰਹੀਆਂ ਹਨ। 'ਬਰੈਂਪਟਨ ਬੈਂਡਰਜ਼ ਰੱਨਿੰਗ ਕਲੱਬ' ਦੇ ਸਾਥੀ ਇਸ ਵਿੱਚ ਦੌੜਨ ਦੇ ਨਾਲ ਨਾਲ ਲੌਜਿਸਟਿਕ ਸਹਾਇਤਾ ਵਿੱਚ ਵੀ ਮਦਦ ਕਰ ਰਹੇ ਹਨ। 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ' ਅਤੇ 'ਰੱਨ ਫ਼ਾਰ ਵੈਟਰਨਜ਼' ਦੇ ਸੀਨੀਅਰ ਮੈਂਬਰ ਵੀ ਪਿਛਲੇ ਸਾਲ ਵਾਂਗ ਇਸ ਵਾਰ ਬੜੇ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ।

'ਬੀਵੀਡੀ ਗਰੁੱਪ ਬਰੈਂਪਟਨ ਹਾਫ਼-ਮੈਰਾਥਨ' ਮਹਿਜ਼ ਇੱਕ 'ਰੇਸ' ਨਹੀਂ ਹੈ, ਸਗੋਂ ਇਹ ਤਾਂ ਕਮਿਊਨਿਟੀਆਂ, ਚੈਰਿਟੀਆਂ ਅਤੇ ਪੱਕੇ ਇਰਾਦਿਆਂ ਦਾ ਸਮੂਹਿਕ ਜਸ਼ਨ ਹੈ ਜਿਸ ਵਿੱਚ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੁੰਦੇ ਹਨ। ਇਸ ਦੌਰਾਨ ਕੋਈ ਵੀ ਵਿਅੱਕਤੀ ਭਾਵੇਂ ਉਹ ਕਿਸੇ ਦੌੜ ਵਿੱਚ ਹਿੱਸਾ ਲੈ ਰਿਹਾ ਹੈ ਜਾਂ ਸੜਕ ਦੇ ਪਾਸੇ ਖੜੇ ਹੋ ਕੇ ਦੌੜਾਕਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰ ਰਿਹਾ ਹੈ ਜਾਂ ਫਿਰ ਇਸ ਈਵੈਂਟ ਵਿੱਚ ਵਾਲੰਟੀਅਰ ਵਜੋਂ ਕਿਸੇ ਵੀ ਤਰ੍ਹਾਂ ਦੀ ਸੇਵਾ ਕਰ ਰਿਹਾ ਹੈ, ਇਸ ਵੱਡੇ ਈਵੈਂਟ ਵਿੱਚ ਉਸ ਦਾ ਇਹ ਵੱਡਾ ਯੋਗਦਾਨ ਹੈ। ਈਵੈਂਟ ਦੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਪਰਿਵਾਰਾਂ ਸਮੇਤ ਇਸ ਈਵੈਂਟ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਈਵੈਂਟ ਸਬੰਧੀ ਅਤੇ ਕਾਰਾਂ ਦੀ ਪਾਰਕਿੰਗ ਸਬੰਧੀ ਹੋਰ ਵਧੇਰੇ ਜਾਣਕਾਰੀ ਇਸ ਈਵੈਂਟ ਦੀ ਵੈੱਬਸਾਈਟ www.bramptonmarathon.org 'ਤੇ ਜਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਪੰਜ ਮੈਂਬਰੀ ਕਮੇਟੀ ਵੱਲੋਂ ਹੁਸ਼ਿਆਰਪੁਰ 'ਚ ਲੋਕਾਂ ਨੂੰ ਲਾਮਬੰਦੀ ਦੀ ਅਪੀਲ



ਹੁਸ਼ਿਆਰਪੁਰ/ ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਵੱਲੋਂ ਜਾਰੀ ਭਰਤੀ ਮੁਹਿੰਮ ਦਾ ਵਧ ਰਿਹਾ ਕਾਫ਼ਲਾ ਅੱਜ ਬੱਬਰ ਅਕਾਲੀ ਲਹਿਰ ਦੀ ਜਨਮ ਭੂਮੀ ਜ਼ਿਲਾ ਹੁਸ਼ਿਆਰਪੁਰ ਪਹੁੰਚਿਆ। ਮਾਲਵਾ ਤੋਂ ਉੱਠੀ ਪੰਥਕ ਅਤੇ ਅਕਾਲੀ ਸੋਚ ਨੂੰ ਜਾਗਰੂਕ ਕਰਦੀ ਕ੍ਰਾਂਤੀ ਦੀ ਲਹਿਰ ਵਿੱਚ ਦੁਆਬਾ ਦੀ ਧਰਤੀ ਵੀ ਰੰਗੀ ਨਜ਼ਰ ਆਈ। ਭਰਤੀ ਮੁਹਿੰਮ ਦੀ ਲਾਮਬੰਦੀ ਲਈ ਰੱਖੀ ਮੀਟਿੰਗ ਵੱਡੀ ਸਿਆਸੀ ਕਾਨਫਰੰਸ ਦੇ ਰੂਪ ਬੇਹੱਦ ਕਾਮਯਾਬ ਹੋ ਨਿੱਬੜੀ। ਇਸ ਮੌਕੇ ਖਾਸ ਤੌਰ ਤੇ ਪਹੁੰਚੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਗੁਰੂ ਘਰਾਂ ਦੀ ਰਾਖੀ ਅਤੇ ਵਾੜ ਦੇ ਰੂਪ ਵਿੱਚ ਹੋਈ, ਪਰ ਅੱਜ ਕੌਮ ਅਤੇ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਆਪਣੇ ਅਸਲੀ ਕਾਰਜ ਤੋ ਪਾਸੇ ਹਟ ਕੇ ਨਿੱਜ ਪ੍ਰਸਤ ਵੱਲ ਵਧ ਚੁੱਕੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਸ ਵਰਤਾਰੇ ਲਈ ਕੁਝ ਲੋਕਾਂ ਨੂੰ ਜ਼ਿੰਮੇਵਾਰ ਕਰਾਰ ਦਿੰਦੇ ਕਿਹਾ ਕਿ ਓਹਨਾ ਲੋਕਾਂ ਵਲੋ ਆਪਣੇ ਮੁਫਾਦਾਂ ਲਈ ਕੀਤੇ ਫ਼ੈਸਲਿਆਂ ਦੀ ਭਰਪਾਈ ਦਾ ਨੁਕਸਾਨ ਅੱਜ ਪੂਰਾ ਪੰਥ ਅਤੇ ਕੌਮ ਭੁਗਤ ਰਹੀ ਹੈ। ਇਸ ਮੌਕੇ ਠਾਠਾਂ ਮਾਰਦੇ ਵਰਕਰ ਦੇ ਇਕੱਠ ਨੂੰ ਸੰਬੋਧਨ ਹੁੰਦੇ ਹੋਏ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਨੇ ਬੀਤੇ ਦਿਨ ਵਿਦੇਸ਼ੀ ਧਰਤੀ ਤੇ ਬੈਠੇ ਪੰਜਾਬੀਆਂ ਲਈ ਸ਼ੁਰੂ ਕੀਤੀ ਆਨ ਲਾਈਨ ਭਰਤੀ ਨੂੰ ਮਿਲੇ ਭਰਪੂਰ ਹੁੰਗਾਰੇ ਦੀ ਗੱਲ ਕਰਦਿਆਂ ਕਿਹਾ ਕਿ,ਦੁਨੀਆਂ ਦੇ ਹਰ ਖੇਤਰ ਵਿੱਚ ਬੈਠਾ ਪੰਜਾਬੀ ਮਨ ਬਣਾ ਚੁੱਕਾ ਹੈ ਕਿ, ਆਪਣੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤੇ ਬਗੈਰ ਮਸਲੇ ਹੱਲ ਨਹੀਂ ਹੋਣ ਵਾਲੇ, ਇਸ ਕਰਕੇ ਅੱਜ ਹਰ ਪੰਜਾਬੀ ਦੀ ਅਵਾਜ ਹੈ ਕਿ ਆਪਣੀ ਮਾਂ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market 20 Red Maple Dr, Brampton
Indian Food Land 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com


Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਵਿਵੇਕ

# ਠਾਕੀਆਂ ਜੀਭਾਂ ਵਾਲੇ !





ਬੁੱਧ ਸਿੰਘ ਨੀਲੋਂ
94643 70823

ਹੁਣ ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਇਸ ਸਮੇਂ ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਬਣ ਕੇ ਰਹਿ ਗਏ ਹਾਂ। ਅੱਖਾਂ ਦੇ ਸਭ ਕੁੱਝ ਹੁੰਦਾ ਦੇਖੀ ਜਾ ਰਹੇ ਹਾਂ, ਪਰ ਬੋਲਦੇ ਨਹੀਂ। ਸਾਡੀ ਜੀਭ ਕਿਉਂ ਠਾਕੀ ਗਈ? ਇਸ ਬੀਮਾਰੀ ਦਾ ਸਾਨੂੰ ਕੋਈ ਪਤਾ ਨਹੀਂ, ਕਦੋਂ ਲੱਗ ਗਈ ਹੈ। ਅਸੀਂ ਬਹਾਦਰਾਂ ਦੇ ਵਾਰਿਸ ਫੁਕਰਿਆਂ ਦੇ ਵਿੱਚ ਕਿਵੇਂ ਬਦਲ ਗਏ ? ਅਸੀਂ ਆਪਣਿਆਂ ਦੀਆਂ ਜੜ੍ਹਾਂ ਕਿਉਂ ਵੱਢਣ ਲੱਗ ਪਏ ਤੇ ਦੁਸ਼ਮਣ ਸਾਹਮਣੇ ਚੱਡਿਆਂ ਵਿੱਚ ਪੂੰਛਾਂ ਲੈਣ ਕੇ ਉਹਨਾਂ ਦੇ ਖੁਰ ਚੱਟਣ ਲੱਗ ਪਏ।

ਮਿੱਤਰੋ ! ਜਦੋਂ ਦੇ ਅਸੀਂ ਚੌਕੀਦਾਰ ਬਣੇ ਆਂ, ਓਦੋਂ ਦੇ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲਗਦੇ, ਸਗੋਂ 'ਮਿੱਠਾ ਸ਼ਰਬਤ ਵਰਗਾ ਪਾਣੀ' ਬਣ ਗਏ ਹਨ। ਉਸ ਵੇਲ਼ੇ ਤੋਂ ਅਸੀਂ ਸਿਆਸੀ ਆਗੂਆਂ ਤੇ ਪੁਲਿਸ ਵਾਂਗੂੰ 'ਨੋਟ ਅਤੇ ਮਾਲ' ਦੇ ਢੇਰ ਤਾਂ ਨਹੀਂ ਲਗਾਏ, ਸਗੋਂ ਆਪਣੇ ਆਲ਼ੇ ਦੁਆਲ਼ੇ ਬਦਨਾਮੀ ਦੇ 'ਵੱਟਿਆਂ' ਦਾ 'ਬੋਹਲ' ਜ਼ਰੂਰ ਬਣਾ ਲਿਆ ਹੈ। ਆਪਣੇ ਚਾਰੇ ਪਾਸੇ ਮਿੱਤਰਾਂ ਦੀ ਨਹੀਂ, ਦੁਸ਼ਮਣਾਂ ਦੀ ਭੀੜ 'ਕੱਠੀ ਕਰ ਲਈ ਹੈ।

ਹੁਣ ਹਰ ਵੇਲ਼ੇ ਇਹੀ ਡਰ ਬਣਿਆ ਰਹਿੰਦਾ ਹੈ ਕਿਤੇ ਪੀੜ ਨਾ ਸ਼ੁਰੂ ਹੋ ਜਾਵੇ। ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਕਿਤੇ ਵਾਈ ਬਾਦੀ ਦੀ ਪੀੜ ਈ ਨਾ ਸ਼ੁਰੂ ਹੋ ਜਾਵੇ। ਲੇਖਕ ਭਾਈਚਾਰੇ ਨੂੰ ਇਹ ਝੋਰਾ ਵੱਢ-ਵੱਢ ਖਾਈ ਜਾਂਦਾ ਹੈ ਕਿ ਇਹ ਦਾਦੇ ਮਗ੍ਹਾਉਣਾ 'ਬੁੱਕਲ' 'ਚ ਬੈਠ ਕੇ ਸਾਡੀ ਦਾਹੜੀ ਪੁੱਟੀ ਜਾਂਦਾ ਹੈ।

**ਪਰ ਮਿੱਤਰੋ, ਕਰੀਏ ਕੀ ?**

ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਤੇਹ ਮੋਹ ਦੀ ਭੁੱਖ ਦਾ ਮਾਰਿਆ ਬੰਦਾ ਕੀ ਕੀ ਨਹੀਂ ਕਰਦਾ? ਉਹ ਜਿਉਂਦੇ ਰਹਿਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਹੁਣ ਸਾਨੂੰ ਥੁੱਕ ਨਾਲ਼ ਵੜੇ ਪਕਾਉਣੇ ਤਾਂ ਆਉਂਦੇ ਨਹੀਂ। ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਭੁੱਖ-ਨੰਗ' ਨਾਲ਼ ਘੁਲ਼ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ ਕੀ 'ਨਘੋਚਾਂ' ਜਿਹੀਆਂ ਕੱਢੀ ਜਾਂਦਾ ਐ? ਵਿਚਲੀ ਗੱਲ ਨਹੀਂ ਦੱਸਦਾ ਜਿਵੇਂ ਮਰਾਸੀ ਦੱਸਦੇ ਹੁੰਦੇ ਬੰਦੇ ਦਾ ਕੁਰਸੀਨਾਮਾ! ਇਹਦੇ ਪਿਉ ਦਾ ਪਿਉ ਬਗੈਰਾ ਬਗੈਰਾ।

ਮਿੱਤਰੋ ! ਅਸਲ ਗੱਲ ਇਹ ਹੈ ਕਿ ਆਪਾਂ ਕੁੱਕੜੀ ਵਾਂਗੂੰ ਨਿੱਤ ਆਂਡਾ ਨਹੀਂ ਦੇਂਦੇ, ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲ਼ੇ-ਦੁਆਲ਼ੇ ਚੋਰੀ ਕੀਤੇ ਸ਼ਬਦਾਂ ਦੀਆਂ ਉਲ਼ਟੀਆਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ ਤਾਂ ਉਸਦੀ ਕਾਟ ਲਈ ਸੁਰਤ ਵਿੱਚ ਸੰਭਾਲ ਕੇ ਰੱਖੇ ਸ਼ਬਦ ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ।

ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ ਜਿਹਨਾਂ ਨਾਲ਼ ਜੰਗ ਲੜਨੀ ਪੈ ਗਈ। ਹੁਣ ਤਾਂ ਹਾਲਾਤ ਵੀ ਮਹਾਂਭਾਰਤ ਦੀ ਜੰਗ ਵਰਗੇ ਹੋਏ ਪਏ ਆ । ਸਾਡੇ ਕੋਲ਼ ਤਾਂ ਮਹਾਨ ਕੋਈ ਪਾਤਰ ਵੀ ਨਹੀਂ ਹੈਗਾ ਜਿਹੜਾ ਆਪਣਿਆਂ ਨੂੰ ਮਾਰਨ ਲਈ 'ਉਪਦੇਸ਼' ਦੇ ਸਕਦਾ ਹੋਵੇ। ਹੁਣ ਤੇ ਵਿਭੀਸ਼ਣ ਵੀ ਨਹੀਂ ਹੈਗਾ ਜੋ ਕੋਈ ਗੁੱਝਾ ਭੇਤ ਆ ਕੇ ਦੱਸ ਦੇਵੇ ਤੇ ਨਿੱਤ ਦਾਲ਼ ਰੋਟੀ ਮੰਗਣ ਵਾਲ਼ਿਆਂ ਦਾ ਗਲ਼ਾ ਵੱਢਿਆ ਜਾਵੇ।

ਹੁਣ ਇਹ ਹਾਲਾਤ ਮੇਰੇ 'ਕੱਲੇ ਦੇ ਨਹੀਂ ਸਭ ਦੇ ਹੀ ਬਣ ਗਏ ਹਨ। ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾਲ਼ ਲੜਨ ਦੀ ਬਜਾਏ ਬੰਦਾ ਆਪਣੇ ਆਪ ਨਾਲ਼ ਹੀ ਲੜੀ ਜਾ ਰਿਹਾ ਹੈ।

ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜ਼ਰੂਰ ਮਾਰ ਲੈਂਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨਹੀਂ ਪਿਆ। ਬੰਦਾ ਕਿਵੇਂ ਮਰਦਾ ਹੈ, ਇਸ ਦੀ ਕਿਧਰੇ ਭਿਣਕ ਵੀ ਨਹੀਂ ਪੈਂਦੀ ਤੇ ਨਾ ਹੀ ਕੰਨੋਂ-ਕੰਨੀਂ ਖ਼ਬਰ ਹੁੰਦੀ ਹੈ। ਕਿੱਧਰੇ ਸੋਗ ਦੇ ਮਤੇ ਵੀ ਨਹੀਂ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਸਮਾਜ ਦੇ ਕਈ ਘੜੰਮ ਚੌਧਰੀ ਸਵੇਰੇ ਉਠ ਕੇ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਨੇ ਤੇ ਫਿਰ ਫ਼ੈਸਲਾ ਕਰਦੇ ਨੇ ਕਿ ਕਿਹੜਾ ਬਿਆਨ ਜਾਰੀ ਕਰਨਾ ਹੈ। ਇਹ ਕੰਮ ਸਿਆਸੀ ਆਗੂ ਕਰੇ ਤਾਂ ਪਿਆ ਕਰੇ, ਇਹ ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਕਹਿਣ ਲੱਗ ਪਏ ਕਿ "ਘਬਰਾ ਨਾ, ਤੇਰੀ ਮੌਤ 'ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਵੀ ਜਾਰੀ ਕਰ ਦਿਆਂਗੇ।" ਹੱਦ ਹੋ ਗਈ, ਜਿਵੇਂ ਆਪ ਕਦੇ ਮਰਨਾ ਹੀ ਨਹੀਂ ਹੁੰਦਾ । ਬੰਦਾ ਸਰੀਰਕ ਮੌਤ ਤਾਂ ਭਾਂਵੇਂ ਇੱਕ ਵਾਰ ਮਰਦਾ ਹੈ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ ਹੈ। ਘਟਨਾ ਕੋਈ ਵੀ ਹੋਵੇ, ਅੱਜਕੱਲ੍ਹ ਇਹੋ ਕੁਝ ਹੁੰਦਾ ਹੈ। ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ... ਸਥਿਤੀ ਕਾਬੂ ਹੇਠ ਹੈ... ਜਾਂਚ ਕਮਿਸ਼ਨ ਬਣਾ ਦਿੱਤਾ ਹੈ । ਹੁਣ ਤੱਕ ਕਿਸੇ ਕਮਿਸ਼ਨ ਦੀ ਰਿਪੋਰਟ ਲਾਗੂ ਨਹੀ ਹੋਈ ? ਨਹੀਂ ਹੋਈ, ਇਹਨੂੰ ਕਹਿੰਦੇ -
" ਟਾਲੋ ਨੀਤੀ ਭੁੱਲ ਜਾਓ ਕੀ ਹੈ ਹੋਈ ਬੀਤੀ ।"

ਹਕੀਕਤ ਵਿੱਚ ਕੁੱਝ ਵੀ ਨਹੀਂ ਹੁੰਦਾ। ਕਦੋਂ ਤੋਂ ਕਮਿਸ਼ਨ ਤੇ 'ਸਿੱਟਾਂ' ਬਣ ਰਹੀਆਂ ਹਨ। ਇਹਨਾਂ ਨੇ ਲੋਕਾਂ ਦੇ ਪੱਲੇ ਕੀ ਪਾਇਆ ਹੈ ? ਦਰਿਆਈ ਪਾਣੀਆਂ ਦੀ ਵੰਡ ਹੋਵੇ, ਬੋਲੀਆਂ ਦੀ ਹੱਦਬੰਦੀ ਹੋਵੇ, ਬੇਅਦਬੀਆਂ ਦਾ ਮਾਮਲਾ, ਬਗੈਰਾ ਬਗੈਰਾ ; ਕਿਸੇ ਵੀ ਕਮਿਸ਼ਨ ਨੇ ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ।

ਐਨੀ ਬਦਨਾਮੀ ਖੱਟਣ ਤੋਂ ਬਾਅਦ, 'ਕਮਿਸ਼ਨ' ਨੇ ਲਿੰਗ ਬਦਲੀ ਕਰਵਾ ਕੇ ਆਪਣਾ ਨਵਾਂ ਨਾਂ 'ਸਿੱਟ' ਰੱਖ ਲਿਆ ਹੈ:

ਇਹ ਨਵੀਂ ਨਵੇਲੀ ਸਿੱਟ,
ਸਰਕਾਰਾਂ ਦੇ ਬੜੀ ਹੈ ਫਿੱਟ,
ਪੱਲੇ ਕਿਸੇ ਦੇ ਕੁਝ ਨਾ ਪਾਉਂਦੀ
ਤੇ ਲੋਕ ਰਹੇ ਨੇ ਪਿੱਟ,
ਕੀ ਬਲ਼ਾਅ ਇਹ,
ਕਿਸ ਕਿਸ ਦੇ ਨਾਲ
ਕਰਦੀ ਇਹ ਗਿਟਮਿਟ,
ਚਾਤ੍ਰਿਕ ਵਾਂਙੂੰ ਅਸੀਂ ਤਿਹਾਏ
ਤੱਕਦੇ ਪਏ ਬਿਟ ਬਿਟ,
ਪਤਾ ਨਹੀਂ ਕਦ ਮਿਲ਼ੂ ਪੀਣ ਨੂੰ
'ਸਵਾਤਿ ਨਛੱਤਰ' ਦੀ ਛਿੱਟ ?

ਜਦੋਂ ਸਾਰੇ ਹੀ 'ਬਾਪੂ ਕੇ ਤੀਨ ਬੰਦਰ' ਬਣ ਜਾਣ, ਅੱਖਾਂ, ਕੰਨ ਤੇ ਮੂੰਹ ਬੰਦ ਕਰ ਲੈਣ... ਸਰ੍ਹਾਣੇ ਹੇਠ ਬਾਂਹ ਦੇ ਕੇ ਸੌਂ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਈ ਪਉ, ਤੇ ਕਿਸੇ ਨੂੰ ਤਾਂ ਲਿਖਣਾ ਈ ਪਊ ?

ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ 'ਤੁਰ੍ਹਲਾ' ਸਭ ਤੋਂ ਉੱਚਾ ਹੈ। ਉਹ ਹਰ ਥਾਂ ਚੌਧਰ ਘੋਟਦੇ ਹਨ, ਆਪਣੇ ਪ੍ਰਵਚਨ ਸੁਣਾਉਂਦੇ ਹਨ ਤੇ ਕੁਰਸੀ ਦੁਆਲ਼ੇ ਪੂਛ ਫੇਰਦੇ ਹਨ... ਕੁਰਸੀ ਨੂੰ ਜੀਭ ਨਾਲ਼ ਰਗੜ ਕੇ ਸਾਫ਼ ਕਰਦੇ ਹਨ ਤੇ ਮਾਇਆ ਨਾਲ਼ ਝੋਲ਼ੀ ਭਰਦੇ ਹਨ।

ਕਈ ਵਾਰ ਭਰਮ ਵਿੱਚ ਜਾਂ ਸ਼ਰਮ ਵਿੱਚ ਮੀਸਣਾ ਹਾਸਾ ਹਸਦੇ ਹਨ। ਉਹਨਾਂ ਦੀਆਂ ਝੱਲ ਵਲੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..? ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਵੀ ਅਜਿਹੇ ਹੁਕਮ ਜਾਰੀ ਕਰਨ ਲਗਦੇ ਹਨ ਕਿ ਸੁਣਨ ਵਾਲ਼ੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਇਹ 'ਸੱਜਣ ਪੁਰਸ਼' ਕਹਿ ਕੀ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਉਵੇਂ ਹੀ ਸ਼ੌਕ ਪਾਲ਼ ਲਿਆ ਹੈ ਜਿਵੇਂ ਕਬੂਤਰ ਪਾਲ਼ੀ ਦੇ ਹਨ।

ਹੁਣ ਉਹ ਕਿਸੇ ਸ਼ਰਾਬੀ ਵਾਂਙੂੰ ਕਿਤਾਬਾਂ ਦੀਆਂ 'ਉਲ਼ਟੀਆਂ' ਕਰਨ ਲੱਗ ਪਏ ਹਨ। ਉਨਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ੍ਹ' ਭਾਰੀ ਕਰਦੀਆਂ ਹਨ? ਇਹ ਤਾਂ ਓਹੀਓ ਜਾਣਦੇ ਹਨ, ਜਿਹੜੇ ਕਿਤਾਬਾਂ ਛਾਪਦੇ ਹਨ। ਜਿਵੇਂ ਜਿਵੇਂ ਸਮਾਜ ਵਿੱਚ ਇਹਨਾਂ 'ਉਗਲੱਛਣਿਆਂ' ਦਾ ਵਾਧਾ ਹੋਇਆ ਹੈ, ਆਲ਼ੇ ਦੁਆਲ਼ੇ ਦੇ ਪੌਣ ਪਾਣੀ ਦੀ ਗਲਾਜ਼ਤ ਵੀ ਲਗਾਤਾਰ ਵਧਦੀ ਗਈ ਹੈ।

ਜਦੋਂ ਕੋਈ ਇਹੋ ਜਿਹੀਆਂ 'ਉਲ਼ਟਬਾਜੀਆਂ' ਤੇ ਪੋਚਾ ਫੇਰ ਕੇ 'ਉਗਲੱਛਣਿਆਂ' ਨੂੰ 'ਵੱਡਾ' ਬਣਾਕੇ ਪੇਸ਼ ਕਰਨ ਲੱਗ ਪਵੇ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ, ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀ ਜੁਗਾਲ਼ੀ ਕਰਦਿਆਂ ਤੇ ਅਲੋਕਾਰੀ ਸਾਖੀਆਂ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'।

ਹੁਣ ਤਾਂ ਚਿੱਟੀਆਂ ਮੁੱਛਾਂ ਵਾਲ਼ੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਹੀ ਬੰਦ ਕਰੀ ਜਾ ਰਹੇ ਹਨ। ਇਹਨਾਂ 'ਪਾਨ ਦੀਆਂ ਬੇਗ਼ਮਾਂ' ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜ਼ਰਿਆਂ ਵਿੱਚ 'ਮਲਿਕਾ ਏ ਅਲਫ਼ਾਜ਼' ਦਾ ਖਿਤਾਬ ਦਿਵਾਉਣ ਲਈ ਜੁਗਾੜਬੰਦੀ ਕਰਦੇ ਹਨ। ਜੇ ਅਗਾਂਹ ਦਾਲ਼ ਨਾ ਗਲ਼ੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ।

ਇਹਨਾਂ 'ਚਿੱਟੀਆਂ ਮੁੱਛਾਂ' ਵਾਲ਼ਿਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਅਸਮਾਨੀਂ ਚੜ੍ਹੀ ਇੱਲ ਵਾਂਙੂੰ ਹਰ ਵੇਲ਼ੇ 'ਕੱਚੇ ਮਾਸ' 'ਤੇ ਨਿਗਾਹ ਰੱਖਦੇ ਹਨ। ਜਦੋਂ ਕਦੇ ਅਸੀਂ ਇਹਨਾਂ 'ਚਿੱਟੀਆਂ' ਮੁੱਛਾਂ ਦਾਹੜੀਆਂ ਵਾਲ਼ਿਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਜਾਕੇ ਕਿਤੇ ਸਮਝ ਆਉਂਦੀ ਹੈ ਕਿ 'ਜੇਹੇ ਕੁੱਜੇ ਤੇਹੇ ਆਲ਼ੇ' ਹਨ।

ਉਹ ਆਪਣੇ ਆਲ਼ੇ ਦੁਆਲ਼ੇ ਜਿਹੜੇ 'ਗੜਵਈਆਂ' ਦੀ ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ "ਸਾਡੇ ਚੌਗਿਰਦੇ ਸਮਾਜ ਵਿੱਚ ਪ੍ਰਦੂਸ਼ਣ ਵਧਾਉਣ ਵਾਲ਼ੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਙੂੰ ਚਰੀ ਜਾ ਰਹੀਆਂ ਹਨ" ਤਾਂ ਹਾਸਾ ਆਉਂਦਾ ਹੈ।

ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ । ਸਗੋਂ ਹਰ ਕਿਸੇ ਨੇ 'ਟਿੰਡ ਵਿੱਚ ਕਾਨਾ' ਪਾਇਆ ਹੋਇਆ ਹੈ ਤੇ ਆਪੋ-ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ? ਇਸ ਦੀ ਨਾ ਤਾਂ ਉਹਨਾਂ ਨੂੰ ਖੁਦ ਸਮਝ ਹੈ ਤੇ ਨਾ ਹੀ ਸੁਣਨ ਵਾਲ਼ਿਆਂ ਨੂੰ ਸਮਝ ਆਉਂਦੀ ਹੈ।

ਸਮਾਜ ਵਿੱਚ ਵਧ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ, 'ਭਾਊ ਤੈਂ ਕੀ ਲੈਣਾ ਐ' ! ਢਕੀ ਰਿੱਝਣ ਦੇ।


ਪਰ ਚੌਕੀਦਾਰ ਕੀ ਕਹੇ ? 'ਜਾਗਦੇ ਰਹੋ, ਜਾਗਦੇ ਰਹੋ' ਜਾਂ 'ਚੋਰੋ ਆ ਜਾਓ, ਘਰਾਂ ਵਾਲ਼ਿਓ ਸੌਂ ਜਾਓ' ?

ਜਦੋਂ 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ,
ਕੁੱਤਾ ਰਾਜ ਬਹਾਲੀਐ ਮੁੜ ਚੱਕੀ ਚੱਟੇ !
ਫਿਰ ਤਾਂ ਏਹੀ ਕਹਿਣ ਦੀ ਲੋੜ ਹੈ:

ਚੌਕੀਦਾਰਾ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ । ਅੱਜਕੱਲ੍ਹ ਮਿੱਤਰ ਵੀ ਮੌਸਮ ਵਾਂਗੂੰ ਬਦਲ ਰਹੇ ਨੇ ; ਕੱਚੀ ਟੁੱਟਗੀ ਜੀਹਨਾਂ ਦੀ ਯਾਰੀ ; ਪੱਤਣਾਂ ਤੇ ਰੋਣ ਖੜੀਆਂ। ਹੁਣ ਤਾਂ ਕੱਚੀ ਯਾਰੀ ਲੱਡੂਆਂ ਦੀ ਬਣ ਗਈ ਹੈ । ਹੁਣ ਬੇਭਰੋਸਗੀ ਵੱਧ ਰਹੀ ਮਹਿੰਗਾਈ ਵਾਂਗੂੰ ; ਮੋਹ ਪਿਆਰ, ਜੀਡੀਪੀ ਤੇ ਭਾਰਤੀ ਕਰੰਸੀ ਵਾਂਗੂੰ ਦਿਨੋਂ ਦਿਨ ਡਿੱਗ ਰਿਹਾ ਹੈ ; ਝੂਠ, ਫਰੇਬ ਤੇ ਲੁੱਟਮਾਰ ਡਾਲਰ ਵਾਂਗੂੰ ਮਜ਼ਬੂਤ ਹੋ ਰਹੀ ਹੈ ।

ਹੁਣ ਜਲਦੀ ਸਭ ਭਾਰਤੀ ਬਰਾਬਰ ਹੋ ਜਾਣਗੇ ; ਸਾਰੀਆਂ ਸਿਆਸੀ ਪਾਰਟੀਆਂ ਇਕੋ ਹੀ ਵਰਦੀ ਪਾਉਣਗੀਆਂ ; ਤੁਸੀਂ ਸੌਂ ਜਾਵੋ ਚੌਕੀਦਾਰ ਜਾਗ ਰਿਹਾ ਹੈ ।

# "ਕਾਲੀ ਭੇਡ"



"ਕਾਲੀ ਭੇਡ" ਰੂਪਕ ਇੱਕ ਅਜਿਹੀ ਸ਼ਕਤੀਸ਼ਾਲੀ ਯਾਦ ਦਿਵਾਉਂਦਾ ਹੈ ਕਿ ਕਈ ਵਾਰ, ਵੱਖਰਾ ਹੋਣਾ ਹੀ ਉਹ ਚੀਜ਼ ਹੈ ਜੋ ਫ਼ਰਕ ਪਾ ਸਕਦੀ ਹੈ।

ਕਾਲੀ ਭੇਡਾਂ ਭੀੜ ਦਾ ਪਿੱਛਾ ਨਹੀਂ ਕਰਦੀਆਂ, ਕਿਉਂਕਿ ਕਈ ਵਾਰ ਭੀੜ ਗਲਤ ਦਿਸ਼ਾ ਵੱਲ ਜਾ ਰਹੀ ਹੁੰਦੀ ਹੈ। ਇਹ ਕਾਲੀਆਂ ਭੇਡਾਂ ਹਨ ਜਿਨ੍ਹਾਂ ਕੋਲ ਅੱਗੇ ਵਧਣ ਅਤੇ ਕਹਿਣ ਦੀ ਹਿੰਮਤ ਹੁੰਦੀ ਹੈ, "ਠਹਿਰੋ, ਮੈਨੂੰ ਲੱਗਦਾ ਹੈ ਕਿ ਅਸੀਂ ਇੱਕ ਚੱਟਾਨ ਵੱਲ ਜਾ ਰਹੇ ਹਾਂ !" ਜਦੋਂ ਕਿ ਉਹਨਾਂ ਨੂੰ ਬਾਹਰ ਕੱਢੇ ਗਏ ਜਾਂ ਬਾਗ਼ੀ ਸਮਝਿਆ ਜਾ ਸਕਦਾ ਹੈ, ਉਹ ਅਕਸਰ ਉਹ ਦਲੇਰ ਹੁੰਦੇ ਹਨ ਜੋ ਆਦਰਸ਼ ਨੂੰ ਚੁਣੌਤੀ ਦੇਣ ਅਤੇ ਆਪਣਾ ਰਸਤਾ ਬਣਾਉਣ ਲਈ ਕਾਫ਼ੀ ਦਲੇਰ ਹੁੰਦੇ ਹਨ।

ਆਓ ਆਪਣੇ ਜੀਵਨ ਵਿੱਚ ਕਾਲੀਆਂ ਭੇਡਾਂ ਦੀ ਕਦਰ ਕਰਨ ਲਈ ਇੱਕ ਪਲ ਕੱਢੀਏ - ਜੋ ਸਾਨੂੰ ਵੱਖਰੇ ਢੰਗ ਨਾਲ ਸੋਚਣ, ਸਥਿਤੀ 'ਤੇ ਸਵਾਲ ਉਠਾਉਣ ਅਤੇ ਸਾਡੀ ਵਿਅਕਤੀਗਤਤਾ ਨੂੰ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ।

ਸਰੋਤ ਇੰਟਰਨੈਟ
#harpreetkaursandhu

# ਮੋਮਬੱਤੀਆਂ

ਖ਼ਾਲੀ ਅਕਲਾਂ ਦੇ ਖੂਹ
ਪਾਉਣ ਕਾਲਜੇ ਨੂੰ ਧੂਹ
ਕਿਉਂ ਮੁੜ ਮੁੜ ਵਗਣ ਹਵਾਵਾਂ ਤੱਤੀਆਂ
ਕੰਮ ਆਈਆਂ ਨਾ
ਜਗਾਈਆਂ ਹੋਈਆਂ ਮੋਮਬੱਤੀਆਂ
ਸਿਰ ਜੋੜ ਕੇ ਅਦੀਬਾਂ
ਹੱਥੀਂ ਫੜ ਕੇ ਜ਼ਰੀਬਾਂ
ਮਿਣੇ ਹੌਸਲੇ ਬਥੇਰੇ
ਕੀਤੇ ਟੋਟਕੇ ਤਬੀਬਾਂ
ਸਾਡੇ ਸਿਰਾਂ ਦਾ ਬਰੂਦ
ਰਿਹਾ ਛੇੜਦਾ ਖਰੂਦ
ਬਾਜ ਆਉਂਦੀਆਂ ਨਾ ਇਹ
ਸਿਆਸਤਾਂ ਕੁਪੱਤੀਆਂ
ਕੰਮ ਆਈਆਂ ਨਾ...
ਕਦੇ ਕੂੰਜਾਂ ਵਾਲੀ ਡਾਰ
ਛੇੜੇ ਦਿਲਾਂ ਵਾਲੀ ਤਾਰ
ਕਦੇ ਮੌਸਮ-ਏ-ਬਹਾਰ
ਛੇੜੇ ਠੰਢੜੀ ਫੁਹਾਰ
ਮਸਾਂ ਫੁੱਟਣੇ ਨੂੰ ਆਈਆਂ
ਸੀ ਕਰੂੰਬਲਾਂ ਨਕੋਰ
ਆਣ ਪੱਛੋਂ ਦੀਆਂ ਲੂੰਆਂ
ਨੇ ਹੀ ਸਾੜ ਘੱਤੀਆਂ
ਕੰਮ ਆਈਆਂ ਨਾ...
ਉਚ, ਨੀਚ, ਧਰਮ, ਜਾਤ,
ਜਿਹੜੀ ਕੀਤੀ ਵੰਡ ਕਾਣੀ
ਜਿੱਥੋਂ ਪੈ ਗਏ ਕੁਰਾਹੇ
ਉੱਥੋਂ ਤੁਰਦੀ ਕਹਾਣੀ
ਜਿਹੜੀ ਵਿਰਸੇ ਚ ਜਗੇ
ਜੋਤ ਮਨਾਂ ਚ ਜਗਾਈਏ
ਉੱਠ ਪੈਣੀਆਂ ਤਰੰਗਾਂ
ਮਨੋ ਮਾਣ ਮੱਤੀਆਂ
ਕੰਮ ਆਈਆਂ ਨਾ
ਜਗਾਈਆਂ ਹੋਈਆਂ ਮੋਮਬੱਤੀਆਂ



ਲਖਵਿੰਦਰ ਜੌਹਲ







# ਨੈਤਿਕਤਾ ਦੀ ਪਰਿਭਾਸ਼ਾ ਅਤੇ ਮਹੱਤਤਾ



ਉਸ ਰੁੱਖ ਜਾਂ ਬੂਟੇ ਨੂੰ ਫ਼ਲ ਜਾਂ ਫੁੱਲ ਸੋਹਣਾ ਲੱਗਦਾ ਹੈ, ਜਿਸਦੀ ਦੇਖ-ਭਾਲ਼ ਇੱਕ ਸੁਚੱਜਾ ਮਾਲੀ ਕਰ ਰਿਹਾ ਹੋਵੇ। ਬਾਗ਼ਾਂ ਵਿੱਚ ਸੋਹਣੇ -ਸੋਹਣੇ ਫੁੱਲਾਂ ਦਾ ਖਿੜੇ ਹੋਣਾ ਇਸ ਗੱਲ ਦਾ ਸੂਚਕ ਹੈ ਕਿ ਫੁੱਲਾਂ ਜਾਂ ਰੁੱਖ-ਬੂਟੇ ਨੂੰ ਉਗਾਉਣ ਤੋਂ ਪਹਿਲਾਂ ਮਿੱਟੀ ਦੀ ਉਪਜਾਉ ਸ਼ਕਤੀ ਨੂੰ ਸਹੀ ਰੱਖਣ ਲਈ ਪੌਸਟਿਕ ਤੱਤਾਂ ਤੇ ਉਸ ਤੋਂ ਬਾਅਦ ਬੀਜ ਤੇ ਨਿਰੰਤਰ ਦੇਖ ਭਾਲ਼ ਹੀ ਖਿੜੇ ਹੋਏ ਫੁੱਲਾਂ ਦੀ ਖੁਸ਼ਬੂ ਭਰੀ ਮਿਠਾਸ ਦਾ ਪ੍ਰਮੁੱਖ ਰਾਜ ਹੈ ।ਇਸੇ ਤਰ੍ਹਾਂ ਹੀ ਕਿਸੇ ਵਿਅਕਤੀ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ ।

ਇੱਕ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਭਾਵ ਗਰਭ-ਅਵਸਥਾ ਦੌਰਾਨ ਮਾਂ ਦਾ ਮਾਨਸਿਕ ਤੇ ਸਰੀਰਕ ਸੰਤੁਲਨ ਪੈਦਾ ਹੋਣ ਵਾਲੇ ਬੱਚੇ ਲਈ ਬਹੁਤ ਸਹਾਇਕ ਸਿੱਧ ਹੁੰਦਾ ਹੈ । ਇਸ ਗੱਲ ਦੀ ਪੁਸ਼ਟੀ ਖੁਦ ਵਿਗਿਆਨ ਵੀ ਕਰ ਰਿਹਾ ਹੈ ਕਿ ਗਰਭ ਅਵਸਥਾ ਦੌਰਾਨ ਜਿਸ ਤਰ੍ਹਾਂ ਦਾ ਮਾਂ ਦਾ ਖਾਣ -ਪੀਣ ਵਿਵਹਾਰ ਜਾਂ ਉਸ ਦੇ ਆਲ਼ੇ-ਦੁਆਲ਼ੇ ਘਟਿਤ ਹੁੰਦਾ ਹੈ, ਸਭ ਦਾ ਅਸਰ ਉਸ ਪੈਦਾ ਹੋਣ ਵਾਲੇ ਬੱਚੇ ਉੱਪਰ ਅਵੱਸ ਹੀ ਪੈਂਦਾ ਹੈ।

ਇੱਕ ਬੱਚੇ ਦੇ ਜਨਮ ਤੋਂ ਬਾਅਦ ਮਾਂ ਹੀ ਉਸ ਬੱਚੇ ਦੀ ਪਹਿਲੀ ਗੁਰੂ ਜਾਂ ਅਧਿਆਪਕ ਹੁੰਦੀ ਹੈ, ਜੋ ਉਸਨੂੰ ਨੈਤਿਕਤਾ ਜਾਂ ਅਨੈਤਿਕਤਾ ਦਾ ਪਾਠ ਪੜ੍ਹਾਉਂਦੀ ਹੈ। ਮਾਂ ਦੁਆਰਾ ਦਿੱਤੀ ਗਈ ਸਿੱਖਿਆ ਹੀ ਉਸ ਬੱਚੇ ਦੇ ਜੀਵਨ ਸੰਚਾਰ ਦੇ ਪੰਧ ਦੀ ਪਹਿਲੀ ਪੌੜੀ ਬਣਦੀ ਹੈ । ਇੱਕ ਬੱਚੇ ਦਾ ਮਨ ਬੜਾ ਕੋਮਲ ਹੁੰਦਾ ਹੈ, ਮਾਂ ਉਸਨੂੰ ਜਿਸ ਪਾਸੇ ਮੋੜੇਗੀ ਉਹ ਮੁੜ ਜਾਵੇਗਾ ਜਿਵੇਂ ਇੱਕ ਮੂਰਤੀਕਾਰ ਇੱਕ ਪੱਥਰ ਤੋਂ ਮੂਰਤੀ ਬਣਾਉਣ ਸਮੇਂ ਆਪਣੇ ਮਨ ਵਿੱਚ ਜਿਸ ਤਰ੍ਹਾਂ ਦੀ ਤਸਵੀਰ ਉਪਜਦਾ ਹੈ, ਉਹ ਉਸੇ ਤਰ੍ਹਾਂ ਹਥੌੜੀ ਅਤੇ ਛੈਣੀ ਦੀ ਮਦਦ ਨਾਲ਼ ਉਸੇ ਤਰ੍ਹਾਂ ਦੀ ਤਸਵੀਰ ਬਣਾ ਦਿੰਦਾ ਹੈ ।ਉਸ ਤੋਂ ਬਾਅਦ ਪਿਤਾ ਆਉਂਦਾ ਹੈ, ਜੋ ਆਪਣੇ ਬੱਚੇ ਨੂੰ ਸਮਾਜ ਦੀ ਸੋਝੀ ਅਨੁਸਾਰ ਉਸਦਾ ਚਰਿੱਤਰ ਨਿਰਮਾਣ ਕਰਦਾ ਹੈ, ਸਹਿਜੇ ਹੀ ਜਿਸ ਤਰ੍ਹਾਂ ਦਾ ਆਚਰਣ ਤੇ ਉਸਦਾ ਪਿਤਾ ਚੱਲ ਰਿਹਾ ਹੈ, ਉਹ ਬੱਚਾ ਵੀ ਉਸੇ ਤਰ੍ਹਾਂ ਦੇ ਗੁਣਾ ਦਾ ਧਾਰਨੀ ਬਣ ਜਾਵੇਗਾ ।ਇੱਕ ਪਿਤਾ ਦਾ ਆਪਣੇ ਬੱਚੇ ਦੇਵਿਅਕਤੀਗਤ ਨੈਤਿਕ ਵਿਕਾਸ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ । ਇੱਕ ਪਿਤਾ ਵੱਲੋਂ ਕੀਤੀ ਗਈ ਕੁਤਾਹੀ ਉਸ ਦੇ ਬੱਚੇ ਦੇ ਭਵਿੱਖ ਨੂੰ ਗਲਤ ਦਿਸ਼ਾ ਪ੍ਰਦਾਨ ਕਰ ਸਕਦੀ ਹੈ ।

ਜਿਉਂ ਇੱਕ ਬੱਚਾ ਥੋੜਾ ਵੱਡਾ ਹੁੰਦਾ ਹੈ ਤਾਂ ਉਸਦੇ ਨੈਤਿਕ ਵਿਕਾਸ ਦੀ ਗਤੀ ਉੰਨਤ ਕਰਨ ਭਾਵ ਸਮੇਂ ਦਾ ਹਾਣੀ ਬਣਾਉਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਉਸ ਸਕੂਲ ਦੀ ਬਣ ਜਾਂਦੀ ਹੈ ਜਿੱਥੇ ਜਾ ਕੇ ਇੱਕ ਬੱਚੇ ਨੂੰ ਆਪਣੇ ਘਰ -ਪਰਿਵਾਰ ਤੋਂ ਬਿਨ੍ਹਾਂ ਆਪਣੇ ਆਲ਼ੇ-ਦੁਆਲ਼ੇ ਦੇਸ਼- ਦੁਨੀਆਂ ਤੇ ਪੂਰੇ ਸੰਸਾਰ ਦੀ ਸੋਝੀ ਹੁੰਦੀ ਹੈ ।ਇੱਕ ਅਧਿਆਪਕ ਦੀ ਬੱਚੇ ਦੇ ਨੈਤਿਕ ਵਿਕਾਸ ਵਿੱਚ ਉਹ ਥਾਂ ਹੁੰਦੀ ਹੈ ਜਿਸ ਵਿੱਚ ਭਵਿੱਖ ਨੂੰ ਰੁਸ਼ਨਾਉਂਦਾ ਹੋਇਆ ਸਰਵ-ਪੱਖੀ ਵਿਕਾਸ ਦੇ ਨਾਲ਼ -ਨਾਲ਼ ਉਸਨੂੰ ਦੁਨੀਆਂ ਦਾ ਹਾਣੀ ਭਾਵ ਮੋਢੀ ਬਣਾਉਣ ਦੀ ਤਾਕਤ ਹੁੰਦੀ ਹੈ ।

ਇਤਿਹਾਸ ਨੂੰ ਫਰੋਲਣ ਤੇ ਇਸ ਤਰ੍ਹਾਂ ਦੀ ਬਹੁਤ ਸਾਰੀਆਂ ਪਰਿਭਾਸ਼ਾਵਾਂ ਸਹਿਜੇ ਹੀ ਮਿਲ ਜਾਂਦੀਆਂ ਹਨ , ਜਿੰਨ੍ਹਾਂ ਤੋਂ ਅੱਜ ਦੇ ਸਮਾਜ ਨੂੰ ਚੰਗੀ ਤੇ ਨਰੋਈ ਸਰਵ -ਪੱਖੀ ਸੇਧ ਮਿਲਦੀ ਹੈ । ਇਸ ਤਰ੍ਹਾਂ ਦੀਆਂ ਅਮੁੱਲ ਤੇ ਜੀਵਨ ਨੂੰ ਰੋਸ਼ਨ ਕਰਨ ਵਾਲ਼ੀਆਂ ਪਰਿਭਾਸ਼ਾਵਾਂ ਦਾ ਵਰਨਣ ਸਾਡੇ ਪ੍ਰਾਚੀਨ ਗ੍ਰੰਥਾਂ ਵਿੱਚ ਸਹਿਜੇ ਹੀ ਮਿਲ ਜਾਂਦਾ ਹੈ । ਇਸ ਤਰ੍ਹਾਂ ਦੀ ਹੀ ਇੱਕ ਘਟਨਾ ਦਾ ਜਿਕਰ ਮਹਾਂ-ਭਾਰਤ ਵਿੱਚ ਵੀ ਆਉਂਦਾ ਹੈ ਕਿ ਇੱਕ ਆਦਿ ਕਬੀਲੇ ਵਿੱਚ ਰਹਿਣ ਵਾਲਾ ਨਿਪੁੰਨ ਧਨੁੱਖਧਾਰੀ ਏਕਲੱਭਿਆ ਜੋ ਕਦੇ ਵੀ ਗੁਰੂ ਦ੍ਰੋਣਾ-ਚਾਰੀਆ ਨੂੰ ਮਿਲ਼ਿਆ ਤੱਕ ਨਹੀਂ ਸੀ , ਉਸਦੀ ਮੂਰਤੀ ਬਣਾ ਕੇ ਉਸਨੂੰ ਗੁਰੂ ਮੰਨ ਕੇ ਆਪਣੀ ਤੀਰ -ਅੰਦਾਜ਼ੀ ਦਾ ਨਿਰੰਤਰ ਅਭਿਆਸ ਕਰਦਾ ਰਿਹਾ , ਜਿਸ ਤੋਂ ਗੁਰੂ ਦ੍ਰੋਣ ਵੀ ਪ੍ਰਭਾਵਿਤ ਹੋਏ ਬਿਨ੍ਹਾਂ ਨਾ ਰਹਿ ਸਕੇ। ਉਸਨੂੰ ਗੁਰੂ ਦ੍ਰੋਣ ਦੇ ਮਾਤਰ ਇੱਕ ਇਸ਼ਾਰੇ ਤੇ ਹੀ ਆਪਣੇ ਸੱਜੇ ਹੱਥ ਦਾ ਅਗੂੰਠਾ ਕੱਟ ਕੇ ਗੁਰੂ ਨੂੰ ਦਖਸ਼ਣਾ ਦੇ ਰੂਪ ਵਿੱਚ ਭੇਟ ਕਰ ਦਿੱਤਾ। ਜਦੋਂਕਿ ਹਕੀਕਤ ਤਾਂ ਇਹ ਸੀ ਕਿ ਉਸਨੇ ਤੀਰ ਅੰਦਾਜ਼ੀ ਦਾ ਅਭਿਆਸ ਆਪਣੀ ਨਿੱਤ ਪ੍ਰਤੀ ਦਿਨ ਦੀ ਮਿਹਨਤ ਤੇ ਸੱਚੇ ਸਮਰਪਣ ਕਰਕੇ ਹੀ ਪ੍ਰਾਪਤ ਕੀਤਾ ਸੀ । ਇਸ ਤੋਂ ਵੱਡੀ ਨੈਤਿਕਤਾ ਦੀ ਹੋਰ ਕੀ ਪਰਿਭਾਸ਼ਾ ਹੋ ਸਕਦੀ ਕਿ ਇੱਕ ਮੂਰਤੀ ਨੂੰ ਗੁਰੂ ਮੰਨਿਆ ਹੋਵੇ ਤੇ ਉਸ ਵਿਅਕਤੀ ਵਿਸ਼ੇਸ਼ ਦੇ ਕਹਿਣ ਤੇ ਆਪਣਾ ਉਹ ਅਗੂੰਠਾ ਉਸਨੂੰ ਭੇਟ ਕਰ ਦਿੱਤਾ ਹੋਵੇ ਜਿਸਨੇ ਉਸਦੀ ਪਹਿਚਾਣ ਨੂੰ ਪੂਰੇ ਵਿਸ਼ਵ ਵਿੱਚ ਗੂੜਾ ਕਰਨਾ ਸੀ ।

ਇਤਿਹਾਸ ਵਿੱਚੋਂ ਇੱਕ ਹੋਰ ਪਰਿਭਾਸਾ ਚੰਦਰ-ਗੁਪਤ ਮੌਰੀਆ ਜੋ ਆਪਣੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਦਾ ਹੋਇਆ ਭਾਰਤ ਦਾ ਪਹਿਲਾਂ ਸੁਤੰਤਰ ਸਾਸ਼ਕ ਬਣਿਆ । ਉਹ ਆਪਣੇ ਗੁਰੂ ਚਾਣਕਿਆ ਦੇ ਇੱਕ ਇਸ਼ਾਰੇ ਤੇ ਕੁਛ ਵੀ ਕਰ ਗੁਜ਼ਰਨ ਲਈ ਤਿਆਰ ਰਹਿੰਦਾ ਸੀ । ਦੁਨੀਆਂ ਵਿੱਚ ਵਿਚਰਦਿਆ ਜਦੋਂ ਕੋਈ ਕਾਰਜ ਪੂਰੀ ਨਿਸ਼ਠਾ ਤੇ ਸੱਚੀ ਭਾਵਨਾ ਨਾਲ਼ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਸਫ਼ਓਮਪ;ਲਤਾ ਜ਼ਰੂਰ ਕਦਮ ਚੁੰਮਦੀ ਹੈ । ਨੈਤਿਕਤਾ ਦੇ ਪ੍ਰਮੁੱਖ ਗੁਣਾਂ ਵਿੱਚ ਇਮਾਨਦਾਰੀ , ਸਬਰ , ਸੰਤੋਖ , ਸਦਾਚਾਰ , ਆਗਿਆਕਾਰ ,ਪਰ-ਉਪਕਾਰੀ ਜਿਸ ਵਿਅਕਤੀ ਵਿੱਚ ਇਹ ਸਭ ਗੁਣ ਮੌਜੂਦ ਹੁੰਦੇ ਹਨ , ਉਹ ਸਹਿਜੇ ਹੀ ਆਪਣੀ ਮੰਜ਼ਲ ਭਾਵ ਮਿਥੇ ਹੋਏ ਟੀਚੇ ਨੂੰ ਪ੍ਰਾਪਤ ਕਰ ਲੈਂਦੇ ਹਨ । ਨੈਤਿਕ ਅਤੇ ਅਨੈਤਿਕ ਗੁਣ ਕਿਸੇ ਵੀ ਵਿਅਕਤੀ ਦੇ ਜੀਵਨ ਦੇ ਨਾਲ਼ - ਨਾਲ਼ ਨਿਰੰਤਰ ਚੱਲਦੇ ਰਹਿੰਦੇ ਹਨ ।ਘਰ-ਪਰਿਵਾਰ, ਸਮਾਜ ਅਤੇ ਸਕੂਲ ਇਸਦੇ ਪ੍ਰਮੁੱਖ ਅੰਗਾਂ ਵਿੱਚ ਆ ਜਾਂਦੇ ਹਨ , ਇੱਥੋਂ ਵਿਅਕਤੀ ਜੋ ਸਿੱਖਦਾ ਹੈ ਉਹੋ ਹੀ ਸਮਾਜ ਨੂੰ ਵੰਡਦਾ ਹੈ। ਨੈਤਿਕ ਪੱਖ ਤੋਂ ਮਜ਼ਬੂਤ ਵਿਅਕਤੀ ਸਮਾਜ ਨੂੰ ਨਵੀਆਂ ਉਮੀਦਾਂ ਤੇ ਰੌਸ਼ਨੀਆਂ ਨਾਲ਼ ਭਰ ਦਿੰਦਾ ਹੈ, ਜਿਵੇਂ ਸਮੁੰਦਰ ਦੀ ਡੂੰਘਾਈ ਨੂੰ ਮਾਪਣਾ ਮੁਸ਼ਕਲ ਹੈ ਸਿਰਫ਼ਓਮਪ; ਅੰਦਾਜਾ ਹੀ ਲਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਨੈਤਿਕਤਾ ਦੇ ਪੱਧਰ ਨੂੰ ਪਰਿਭਾਸ਼ਤ ਕਰਨਾ ਗਹਿਰ - ਗੰਭੀਰ ਕੰਮ ਹੈ । ਕਿਸੇ ਵੀ ਵਿਅਕਤੀ ਦੇ ਨੈਤਿਕ ਪੱਧਰ ਦਾ ਮੁਲਾਂਕਣ ਉਸਦੇ ਚੱਜ-ਅਚਾਰ ਤੇ ਵਿਵਹਾਰ ਤੋਂ ਕੀਤਾ ਜਾਂਦਾ ਹੈ ।

ਇੱਕ ਵਿਅਕਤੀ ਜਿਸ ਤਰ੍ਹਾਂ ਦਾ ਵਿਵਹਾਰ ਆਪਣੇ ਸਕੇ-ਸਬੰਧੀਆਂ ਨਾਲ਼ ਕਰਦਾ ਹੈ , ਉਸ ਤੋਂ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਉਹ ਕਿਸ ਪੱਧਰ ਦੇ ਨੈਤਿਕ ਗੁਣਾਂ ਦਾ ਮਾਲਕ ਹੈ ।ਮਨੋ-ਵਿਗਿਆਨੀਆਂ ਨੇ ਨੈਤਿਕਤਾ ਦਾ ਮੁਲਾਂਕਣ ਕਰਨ ਲਈ ਵੱਖ - ਵੱਖ ਵਿਧੀਆ ਉੱਪਰ ਕੰਮ ਕੀਤਾ ਹੈ , ਜਿਸ ਤੋਂ ਸਿੱਟਾ ਇਹ ਨਿੱਕਲ਼ਿਆ ਕੇ ਕੁੱਝ ਗੱਲਾਂ ਪੀੜੀ-ਦਰ ਪੀੜੀ ਮਨੁੱਖ ਦੇ ਜੀਨਸ਼ ਤੋਂ ਅੱਗੇ ਦੀ ਅੱਗੇ ਚੱਲਦੀਆਂ ਰਹਿੰਦੀਆ ਹਨ , ਕੁੱਝ ਦਾ ਵਿਕਾਸ ਮਨੁੱਖ ਦੇ ਵਿਅਕਤੀਗਤ ਵਿਕਾਸ ਉੱਪਰ ਨਿਰਭਰ ਕਰਦਾ ਹੈ । ਅਖੀਰ ਵਿੱਚ ਮਨੁੱਖ ਦੇ ਨੈਤਿਕਤਾ ਤੋਂ ਇਹ ਹੀ ਪਰਿਭਾਸ਼ਤ ਕੀਤਾ ਜਾਂਦਾ ਹੈ ਕਿ ਮਨੁੱਖ ਦੇ ਵਿਵਹਾਰ ਨੂੰ ਵੱਖ-ਵੱਖ ਪਹਿਲੂ ਪ੍ਰਭਾਵਿਤ ਕਰਦੇ ਹਨ , ਜਿੰਨ੍ਹਾ ਨੂੰ ਪ੍ਰਭਾਸ਼ਿਤ ਕੀਤੇ ਬਿਨ੍ਹਾ ਨੈਤਿਕਤਾ ਦੀ ਪਰਿਭਾਸਾ ਦੇਣਾ ਅਸੰਭਵ ਹੈ , ਸੋ ਨੈਤਿਕ ਗੁਣਾਂ ਦੇ ਵਿਕਾਸ ਹੋਣ ਦੇ ਨਾਲ਼ ਹੀ ਘਰ, ਪਰਿਵਾਰ ਸਮਾਜ ਤੇ ਰਾਸ਼ਟਰ ਦੀ ਅਸਲੀ ਉੱਨਤੀ ਹੈ ।



ਗੁਰਪ੍ਰੀਤ ਸਿੰਘ ਬੀੜ ਕਿਸ਼ਨ
ਪਿੰਡ ਬੀਜਾ , ਤਹਿ. ਖੰਨਾ ,ਜ਼ਿਲ੍ਹਾ - ਲੁਧਿਆਣਾ ।
ਮੋਬ.ਨੰ.99884-66885

# ਫੀਲਡ ਹਾਕੀ ਦੀ ਰਾਜਧਾਨੀ ਬਰੈਂਪਟਨ

## ਆਓ ਹਾਕੀ ਦਾ ਟੂਰਨਾਮੈਂਟ ਵੇਖੀਏ

ਪ੍ਰਿੰ. ਸਰਵਣ ਸਿੰਘ




ਚੰਡੀਗੜ੍ਹ ਦੀ ਥਾਂ ਹੁਣ ਬਰੈਂਪਟਨ ਪੰਜਾਬੀਆਂ ਦੀ ਨਵੀਂ ਰਾਜਧਾਨੀ ਬਣ ਰਿਹੈ। ਬਣ ਕੀ ਰਿਹੈ, ਬਣ ਹੀ ਗਿਆ ਸਮਝੋ। ਕਈ ਸਾਲਾਂ ਤੋਂ ਇਥੋਂ ਦੇ ਸਾਰੇ ਦੇ ਸਾਰੇ ਪਾਰਲੀਮੈਂਟ ਮੈਂਬਰ ਪੰਜਾਬੀ ਹੀ ਚੁਣੇ ਜਾ ਰਹੇ ਹਨ। ਪੰਜਾਬੀ ਜਿੱਦਣ ਚਾਹੁਣ, ਕੱਠੇ ਹੋ ਕੇ ਆਪਣਾ ਮੇਅਰ ਯਾਨੀ ਸਰਪੰਚ ਵੀ ਚੁਣ ਸਕਦੇ ਹਨ। ਪੰਜਾਬੀ ਜਿਥੇ ਜਾਂਦੇ ਹਨ ਆਪਣੇ ਘਰਾਂ ਤੋਂ ਪਹਿਲਾਂ ਗੁਰੂ ਘਰ ਬਣਾਉਂਦੇ ਹਨ ਤੇ ਹੋਰਨਾਂ ਮੇਲਿਆਂ ਗੇਲਿਆਂ ਨਾਲ ਆਪਣੇ ਖੇਡ ਮੇਲੇ ਵੀ ਲਾਉਂਦੇ ਹਨ। ਬਰੈਂਪਟਨ ਕਬੱਡੀ ਦਾ ਗੜ੍ਹ ਤਾਂ ਹੈ ਹੀ, ਫੀਲਡ ਹਾਕੀ ਦਾ ਵੀ ਗੜ੍ਹ ਬਣ ਰਿਹੈ।

ਇਹ ਦੱਸਣਾ ਯੋਗ ਹੋਵੇਗਾ ਕਿ ਜਿਸ ਕੈਸੀ ਕੈਂਬਲ ਕਮਿਊਨਿਟੀ ਸੈਂਟਰ, ਬਰੈਂਪਟਨ ਦੇ ਐਸਟ੍ਰੋ ਟਰਫ ਹਾਕੀ ਮੈਦਾਨ ਵਿਚ ਬਰੈਂਪਟਨ ਫੀਲਡ ਹਾਕੀ ਕਲੱਬ ਵੱਲੋਂ ਆਪਣਾ 14ਵਾਂ ਬਰੈਂਪਟਨ ਕੱਪ ਟੂਰਨਾਮੈਂਟ ਕਰਵਾਇਆ ਜਾ ਰਿਹੈ, ਕੁਝ ਸਾਲ ਪਹਿਲਾਂ ਇਸੇ ਗਰਾਊਂਡ ਵਿਚ ਪੈਨ-ਅਮੈਰੀਕਨ ਹਾਕੀ ਚੈਂਪੀਅਨਸ਼ਿਪ ਹੋਈ ਸੀ ਜੋ ਅਰਜਨਟੀਨਾ ਦੀ ਟੀਮ ਨੇ ਜਿੱਤੀ ਸੀ। ਇਥੇ ਕੈਨੇਡਾ ਦੀਆਂ ਨੈਸ਼ਨਲ ਹਾਕੀ ਚੈਂਪੀਅਨਸ਼ਿਪਾਂ ਵੀ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਵਿਚ ਪੰਜਾਬੀ ਖਿਡਾਰੀਆਂ ਦਾ ਹਮੇਸ਼ਾਂ ਬੋਲਬਾਲਾ ਰਿਹਾ ਹੈ।

2001 ਵਿਚ ਵੈਨਕੂਵਰ ਵਿਖੇ ਹੋਈ ਕੈਨੇਡਾ ਦੀ ਫੀਲਡ ਹਾਕੀ ਨੈਸ਼ਨਲ ਚੈਂਪੀਅਨਸ਼ਿਪ ਵੇਖਣ ਲਈ ਮੈਂ ਪਹਿਲੀ ਵਾਰ ਬਰੈਂਪਟਨ ਦੀ ਹਾਕੀ ਟੀਮ ਨਾਲ ਵੈਨਕੂਵਰ ਗਿਆ ਸਾਂ। ਮੇਰਾ ਪੁੱਤਰ ਗੁਰਵਿੰਦਰ ਸੋਨੂੰ ਜੋ ਪੰਜਾਬ ਸਿੰਧ ਬੈਂਕ ਵੱਲੋਂ ਹਾਕੀ ਖੇਡਦਾ ਆਇਆ ਸੀ ਤੇ ਭਾਰਤ ਦੀ ਜੂਨੀਅਰ ਹਾਕੀ ਟੀਮ ਦਾ ਮੈਂਬਰ ਰਿਹਾ ਸੀ, ਬਰੈਂਪਟਨ ਦੀ ਟੀਮ ਦਾ ਕਪਤਾਨ ਸੀ। ਉਸ ਟੀਮ ਨੇ ਕੈਨੇਡਾ ਦੀ ਨੈਸ਼ਨਲ ਚੈਂਪੀਅਨਸ਼ਿਪ ਲਗਾਤਾਰ ਦੂਜੀ ਵਾਰ ਜਿੱਤ ਲਈ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਉਸ ਟੀਮ ਦੇ ਸਾਰੇ ਦੇ ਸਾਰੇ ਖਿਡਾਰੀ ਪੰਜਾਬੀ ਸਨ! ਕੋਚ ਵੀ ਪੰਜਾਬੀ ਤੇ ਮੈਨੇਜਰ ਵੀ ਪੰਜਾਬੀ।

ਓਲੰਪਿਕ ਖੇਡਾਂ, ਵਿਸ਼ਵ ਹਾਕੀ ਕੱਪ, ਪੈਨ-ਅਮੈਰੀਕਨ, ਕਾਮਨਵੈਲਥ ਤੇ ਹੋਰ ਹਾਕੀ ਟੂਰਨਾਮੈਂਟਾਂ ਸਮੇਂ ਕੈਨੇਡਾ ਦੀ ਫੀਲਡ ਹਾਕੀ ਟੀਮ ਵਿਚ ਹਰ ਵਾਰ ਕੁਝ ਪੰਜਾਬੀ ਖਿਡਾਰੀ ਚੁਣੇ ਜਾਂਦੇ ਹਨ। 2008 ਵਿਚ ਬੀਜਿੰਗ ਦੀਆਂ ਓਲੰਪਿਕ ਖੇਡਾਂ ਲਈ ਭਾਰਤ ਦੀ ਹਾਕੀ ਟੀਮ ਕੁਆਲੀਫਾਈ ਨਹੀਂ ਸੀ ਕਰ ਸਕੀ ਪਰ ਕੈਨੇਡਾ ਦੀ ਹਾਕੀ ਟੀਮ ਕੁਆਲੀਫਾਈ ਕਰ ਗਈ ਸੀ। ਮਾਰਚ ਪਾਸਟ ਸਮੇਂ ਕੈਨੇਡਾ ਦੀ ਟੀਮ ਵਿਚ ਛੇ ਖਿਡਾਰੀਆਂ ਦੇ ਸਿਰਾਂ 'ਤੇ ਪੱਗਾਂ ਸ਼ੋਭ ਰਹੀਆਂ ਸਨ। ਇਕ ਵਾਰ ਓਲੰਪਿਕ ਖੇਡਾਂ 'ਚ ਭਾਗ ਲੈਣ ਗਈ ਕੀਨੀਆ ਦੀ ਹਾਕੀ ਟੀਮ ਸਾਰੀ ਹੀ ਸਫੈਦ ਪੱਗਾਂ ਵਾਲਿਆਂ ਦੀ ਸੀ। ਹਾਕੀ ਖੇਡਣ ਵਾਲੇ ਘੱਟੋਘੱਟ ਦਸ ਮੁਲਕ ਐਸੇ ਹਨ ਜਿਨ੍ਹਾਂ 'ਚ ਪੰਜਾਬੀ ਖਿਡਾਰੀ ਆਪਣੀ ਥਾਂ ਬਣਾ ਚੁੱਕੇ ਹਨ। ਉਹਨਾਂ ਦੀ ਗੱਲ ਕਦੇ ਫੇਰ ਕਰਾਂਗੇ।

ਇਸ ਸਪਤਾਹ ਅੰਤ ਦੀਆਂ ਛੁੱਟੀਆਂ ਵਿਚ 24-25 ਮਈ ਨੂੰ ਬਰੈਂਪਟਨ ਦੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ, ਸੈਂਡਲਵੁੱਡ, ਪਾਰਕਵੇ ਵਿਖੇ ਹਾਕੀ ਦਾ ਟੂਰਨਾਮੈਂਟ ਬੜੀ ਧੂੰਮ ਧਾਮ ਨਾਲ ਹੋ ਰਿਹੈ। ਲੜਕੇ ਤੇ ਲੜਕੀਆਂ ਦੀਆਂ ਦੂਰੋਂ ਨੇੜਿਓਂ ਪਹੁੰਚ ਰਹੀਆਂ ਟੀਮਾਂ ਲਈ ਕੱਪਾਂ ਤੇ ਮੈਡਲਾਂ ਦੇ ਨਾਲ 3100-2100 ਡਾਲਰ ਅਤੇ 2100-1100 ਡਾਲਰ ਦੇ ਨਕਦ ਇਨਾਮ ਰੱਖੇ ਗਏ ਹਨ। ਹੋਰ ਵੀ ਬਹੁਤ ਸਾਰੇ ਮਾਨ ਸਨਮਾਨ ਹੋਣਗੇ।

ਪੰਜਾਬੀ ਆਪਣੇ ਖੇਡ ਮੇਲੇ ਵੇਖਣ ਵਿਖਾਉਣ ਦੀਆਂ ਟਿਕਟਾਂ ਨਹੀਂ ਰੱਖਦੇ ਸਗੋਂ ਖੇਡ ਮੇਲਾ ਵੇਖਣ ਆਇਆਂ ਨੂੰ ਗੁਰੂ ਕਾ ਲੰਗਰ ਵੀ ਵਰਤਾਉਂਦੇ ਹਨ। ਹਾਕੀ ਦੇ ਇਸ ਟੂਰਨਾਮੈਂਟ ਸਮੇਂ ਵੀ ਖੁੱਲ੍ਹਾ-ਡੱਲ੍ਹਾ ਲੰਗਰ ਵਰਤੇਗਾ। ਸਭਨਾਂ ਨੂੰ ਖੁੱਲ੍ਹਾ ਸੱਦਾ ਹੈ ਕਿ ਸ਼ਨੀਵਾਰ ਤੇ ਐਤਵਾਰ ਨੂੰ ਪਰਿਵਾਰਾਂ ਸਮੇਤ ਪੁੱਜ ਕੇ ਟੂਰਨਾਮੈਂਟ ਦੇ ਪ੍ਰਬੰਧਕਾਂ ਅਤੇ ਖਿਡਾਰੀਆਂ ਦਾ ਹੌਂਸਲਾ ਵਧਾਈਏ। ਬੱਚਿਆਂ ਨੂੰ ਖੇਡਾਂ ਨਾਲ ਜੋੜੀਏ ਤੇ ਭੈੜੀਆਂ ਵਹਿਬਤਾਂ 'ਚ ਪੈਣ ਤੋਂ ਪਹਿਲਾਂ ਹੀ ਬਚਾਈਏ।

ਬਰੈਂਪਟਨ ਵਿਚ ਹੁੰਦੇ ਹਾਕੀ ਦੇ ਟੂਰਨਾਮੈਂਟਾਂ ਨੂੰ ਰੰਗ ਭਾਗ ਲਾਉਣ ਲਈ ਪਹਿਲਾਂ ਤੋਂ ਹੀ ਓਲੰਪਿਕ ਖਿਡਾਰੀ ਪੁੱਜਦੇ ਰਹੇ ਹਨ। ਇਸ ਵਾਰ ਵੀ ਟੂਰਨਾਮੈਂਟ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਵੈਟਰਨ ਹਾਕੀ ਖਿਡਾਰੀ ਓਲੰਪੀਅਨ ਗੁਰਮੇਲ ਸਿੰਘ ਰਾਏ ਅਰਜਨ ਅਵਾਰਡੀ ਅਤੇ ਉਨ੍ਹਾਂ ਦੀ ਪਤਨੀ ਰਾਜਬੀਰ ਕੌਰ ਅਰਜਨ ਅਵਾਰਡੀ ਪੁੱਜ ਰਹੇ ਹਨ। ਗੁਰਮੇਲ ਸਿੰਘ ਮਾਸਕੋ ਦੀਆਂ ਓਲੰਪਿਕ ਖੇਡਾਂ ਦਾ ਗੋਲਡ ਮੈਡਲਿਸਟ ਹੈ ਤੇ ਓਲੰਪੀਅਨ ਰਾਜਬੀਰ ਕੌਰ ਏਸ਼ਿਆਈ ਖੇਡਾਂ ਵਿਚ ਨਾ ਸਿਰਫ਼ ਚਾਰ ਵਾਰ ਖੇਡੀ ਹੈ ਬਲਕਿ ਉਹਦੀ ਕਪਤਾਨੀ ਵਿਚ ਭਾਰਤੀ ਟੀਮ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਵੀ ਜਿੱਤੀ ਸੀ। ਇਹ ਖਿਡਾਰੀ ਜੋੜੀ ਪਿੱਛੇ ਜਿਹੇ ਪੰਜਾਬ ਪੁਲਿਸ ਦੇ ਵੱਡੇ ਅਹੁਦਿਆਂ ਤੋਂ ਰਿਟਾਇਰ ਹੋਈ ਹੈ ਤੇ ਹਾਕੀ ਦੀ ਪ੍ਰਮੋਸ਼ਨ ਦੇ ਕਾਰਜਾਂ ਨਾਲ ਜੁੜੀ ਹੋਈ ਹੈ। ਮੇਲੇ ਮੇਲ-ਮਿਲਾਪ ਦੇ ਸਾਧਨ ਹੁੰਦੇ ਹਨ, ਆਓ ਮਿਲੀਏ ਗਿਲੀਏ ਤੇ ਦੇਸੀ ਖੇਡ ਕਬੱਡੀ ਵਾਂਗ ਪੰਜਾਬੀਆਂ ਦੀ ਕੌਮੀ ਖੇਡ ਹਾਕੀ ਦਾ ਵੀ ਮਾਣ ਰੱਖੀਏ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਮਲੂਕ ਸਿੰਘ ਕਾਹਲੋਂ ਦੀ ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਉੱਪਰ ਹੋਈ ਸਾਰਥਿਕ ਚਰਚਾ

## ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ.ਸੁਖਦੇਵ ਸਿੰਘ ਝੰਡ ਤੇ ਡਾ.ਸੁਰਿੰਦਰਜੀਤ ਕੌਰ ਦੀਆਂ ਪੁਸਤਕਾਂ ਕੀਤੀਆਂ ਗਈਆਂ ਲੋਕ-ਅਰਪਿਤ ਕਵੀ-ਦਰਬਾਰ ਵੀ ਹੋਇਆ



ਬਰੈਂਪਟਨ, (ਡਾ.ਝੰਡ)-ਲੰਘੇ ਐਤਵਾਰ 18 ਮਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮਹੀਨਾਵਾਰ ਸਮਾਗ਼ਮ ਵਿੱਚ ਮਲੂਕ ਸਿੰਘ ਕਾਹਲੋਂ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਕੂਕ ਫ਼ਕੀਰਾ ਕੂਕ ਤੂੰ' ਉੱਪਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪੁਸਤਕ ਉੱਪਰ ਡਾ. ਸੁਰਿੰਦਰਜੀਤ ਕੌਰ ਵੱਲੋਂ ਵਿਸਤ੍ਰਿਤ ਪੇਪਰ ਪੇਸ਼ ਕੀਤਾ ਗਿਆ। ਉਪਰੰਤ, ਕੁਝ ਵਿਦਵਾਨਾਂ ਵੱਲੋਂ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਪੁਸਤਕ 'ਜ਼ਿੰਦਗੀ ਜਸ਼ਨ ਹੈ', ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' ਅਤੇ ਡਾ. ਸੁਰਿੰਦਰਜੀਤ ਕੌਰ ਦੀ ਬਾਲ-ਪੁਸਤਕ 'ਬੱਚੇ ਮਿੱਠੜੇ ਮੇਵੇ' ਵੀ ਲੋਕ-ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਪ੍ਰਿੰਸੀਪਲ ਸਰਵਣ ਸਿੰਘ, ਬਲਰਾਜ ਚੀਮਾ, ਪੂਰਨ ਸਿੰਘ ਪਾਂਧੀ, ਡਾ. ਨਵਜੋਤ ਕੌਰ ਅਤੇ ਪੁਸਤਕ ਉੱਪਰ ਪੇਪਰ ਪੇਸ਼ ਕਰਨ ਵਾਲੀ ਲੇਖਿਕਾ ਡਾ. ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਪੁਸਤਕ ਉੱਪਰ ਪਰਚਾ ਪੇਸ਼ ਕਰਨ ਲਈ ਡਾ. ਸੁਰਿੰਦਰਜੀਤ ਕੌਰ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਪੇਪਰ ਦੇ ਸਿਰਲੇਖ 'ਕੂਕ ਫ਼ਕੀਰਾ ਕੂਕ ਤੂੰ-ਮਲੂਕ ਸਿੰਘ ਦੀ ਹੂਕ' ਹੇਠ ਪੁਸਤਕ ਉੱਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਲੇਖਕ ਦੀਆਂ ਇਸ ਤੋਂ ਪਹਿਲਾਂ ਦੋ ਕਾਵਿ-ਪੁਸਤਕਾਂ 'ਲੋਕ ਵੇਦਨਾ' ਅਤੇ 'ਵਿਰਸੇ ਦੇ ਵਾਰਸ' ਪੰਜਾਬੀ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਉਸ ਨੇ ਕਿਰਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ, ਉਨ੍ਹਾਂ ਦੇ ਸੰਘਰਸ਼ਮਈ ਜੀਵਨ ਅਤੇ ਪੰਜਾਬ ਦੇ ਵਿਰਸੇ ਦੇ ਵਾਰਸਾਂ ਨੂੰ ਮੁਖ਼ਾਤਿਬ ਹੋ ਕੇ ਇਹ ਅਮੀਰ ਵਿਰਸਾ ਸੰਭਾਲਣ ਦੀ ਗੱਲ ਬਾਖ਼ੂਬੀ ਕੀਤੀ ਹੈ। ਚਰਚਾ ਅਧੀਨ ਇਸ ਤੀਸਰੀ ਪੁਸਤਕ ਵਿੱਚ ਵੀ ਉਹ ਇਨ੍ਹਾਂ ਆਮ ਲੋਕਾਂ ਦੀ ਹੀ ਗੱਲ ਕਰਦਾ ਹੈ। ਉਹ ਉਨ੍ਹਾਂ ਨੂੰ ਸਮਾਜਿਕ ਅਨਿਆਂ ਅਤੇ ਆਰਥਿਕ ਲੁੱਟ-ਖਸੁੱਟ ਦੇ ਵਿਰੁੱਧ ਡੱਟਣ ਲਈ ਵੰਗਾਰਦਾ ਹੈ। ਉਸ ਦਾ ਮੱਤ ਹੈ ਕਿ ਸਮੇਂ ਦੀਆਂ ਸਰਕਾਰਾਂ ਕੇਵਲ ਅਮੀਰ ਵਰਗ ਤੇ ਵੱਡੇ-ਵੱਡੇ ਉਦਯੋਗਪਤੀਆਂ ਤੇ ਵਿਉਪਾਰੀਆਂ ਦਾ ਹੀ ਪੱਖ ਪੂਰਦੀਆਂ ਹਨ ਅਤੇ ਹੇਠਲੇ ਜਾਂ ਮੱਧ-ਵਰਗ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰਦੀਆਂ ਹਨ। ਆਪਣੀਆਂ ਕਵਿਤਾਵਾਂ ਵਿੱਚ ਕਈ ਥਾਈਂ ਉਹ ਇਨ੍ਹਾਂ ਸਰਕਾਰਾਂ ਨੂੰ ਫਟਕਾਰ ਵੀ ਲਾਉਂਦਾ ਹੈ।

ਉਨ੍ਹਾਂ ਕਿਹਾ ਕਿ ਮਲੂਕ ਸਿੰਘ ਕਾਹਲੋਂ ਦੀ ਕਾਵਿ-ਭਾਸ਼ਾ ਬੜੀ ਸਰਲ ਅਤੇ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਹੈ। ਪੁਸਤਕ ਦੀਆਂ ਕਈ ਕਵਿਤਾਵਾਂ ਵਿੱਚ ਉਹ ਆਪਣੇ ਪਿੰਡ, ਪਰਿਵਾਰ ਦੇ ਪਿਛੋਕੜ ਅਤੇ ਦੋਸਤਾਂ-ਮਿੱਤਰਾਂ ਨੂੰ ਵੀ ਬਾਖ਼ੂਬੀ ਯਾਦ ਕਰਦਾ ਹੈ। ਉਸ ਨੂੰ ਇਹ ਝੋਰਾ ਵੀ ਹੈ ਕਿ ਉਹ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਤੇ ਹੋਰ ਸ਼ਹੀਦਾਂ ਦੇ ਕਦਮ-ਚਿੰਨ੍ਹਾਂ 'ਤੇ ਨਹੀਂ ਚੱਲ ਸਕਿਆ। ਇਹ ਝੋਰਾ ਉਸ ਦਾ ਨਿੱਜੀ ਨਹੀਂ ਹੈ, ਸਗੋਂ ਇਹ ਤਾਂ ਅਜੋਕੇ ਨੌਜੁਆਨਾਂ ਤੇ ਆਮ ਲੋਕਾਂ ਦਾ ਹੈ ਜੋ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਗਏ ਹਨ। ਪੁਸਤਕ ਉੱਪਰ ਡਾ. ਸੁਖਦੇਵ ਸਿੰਘ ਝੰਡ, ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਸੁਰਜੀਤ ਕੌਰ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਡਾ. ਗੁਰਚਰਨ ਸਿੰਘ ਤੂਰ ਅਤੇ ਪ੍ਰਧਾਨਗੀ-ਮੰਡਲ ਵਿੱਚੋਂ ਪ੍ਰਿੰਸੀਪਲ ਸਰਵਣ ਸਿੰਘ, ਡਾ. ਨਵਜੋਤ ਕੌਰ ਤੇ ਪੂਰਨ ਸਿੰਘ ਪਾਂਧੀ ਵੱਲੋਂ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ ਗਏ। ਪੁਸਤਕ ਲੇਖਕ ਮਲੂਕ ਸਿੰਘ ਕਾਹਲੋਂ ਵੱਖ-ਵੱਖ ਬੁਲਾਰਿਆਂ ਵੱਲੋਂ ਪੁਸਤਕ ਸਬੰਧੀ ਉਠਾਏ ਗਏ ਨੁਕਤਿਆਂ ਦੇ ਜੁਆਬ ਬੜੇ ਸੋਹਣੇ ਢੰਗ ਨਾਲ ਦਿੱਤੇ ਗਏ ਅਤੇ ਨਾਲ ਹੀ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਕਵੀ-ਦਰਬਾਰ ਹੋਇਆ ਜਿਸ ਦਾ ਸੰਚਾਲਨ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੀਤਾ ਗਿਆ। ਅੰਤਰਰਾਸ਼ਟਰੀ ਮਾਂ-ਦਿਵਸ ਨੂੰ ਸਮਰਪਿਤ ਇਸ ਕਾਵਿ-ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਸੁਰਜੀਤ ਕੌਰ, ਪਰਮਜੀਤ ਦਿਓਲ, ਬਲਜੀਤ ਧਾਲੀਵਾਲ, ਸੁਖਚਰਨਜੀਤ ਗਿੱਲ, ਰਮਿੰਦਰ ਵਾਲੀਆ ਦੇ ਨਾਲ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਕਵੀ ਦਰਬਾਰ ਵਿੱਚ ਮੰਚ-ਸੰਚਾਲਕ ਪਹਿਲਾਂ ਗਾਇਕੀ ਦਾ ਦੌਰ ਆਰੰਭ ਕੀਤਾ ਗਿਆ ਜਿਸ ਵਿੱਚ ਸੱਭ ਤੋਂ ਇਕਬਾਲ ਬਰਾੜ, ਰਿੰਟੂ ਭਾਟੀਆ, ਹਰਜੀਤ ਭੰਮਰਾ ਤੇ ਹਰਜੀਤ ਕੌਰ ਵੱਲੋਂ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿੱਚ ਮਾਵਾਂ ਦੇ ਪਿਆਰ ਨਾਲ ਜੁੜੇ ਹੋਏ ਗੀਤ ਸੁਣਾਏ ਗਏ।

ਉਪਰੰਤ, ਲਹਿੰਦੇ ਪੰਜਾਬ ਦੇ ਸ਼ਾਇਰ ਮਕਸੂਦ ਚੌਧਰੀ, ਪ੍ਰੀਤਮ ਧੰਜਲ, ਕਰਨ ਚੌਹਾਨ, ਜੱਸੀ ਭੁੱਲਰ, ਸੁਰਿੰਦਰ ਸੂਰ, ਹਰਦਿਆਲ ਝੀਤਾ, ਨਵਜੋਤ ਕੌਰ, ਜਗੀਰ ਸਿੰਘ ਕਾਹਲੋਂ, ਹਰਪਾਲ ਸਿੰਘ ਭਾਟੀਆ, ਪ੍ਰਤੀਕ ਸਿੰਘ, ਹਰਜਿੰਦਰ ਸਿੰਘ ਭਸੀਨ, ਪੰਜਾਬ ਸਿੰਘ ਕਾਹਲੋਂ, ਗਿਆਨ ਸਿੰਘ ਘਈ, ਪਰਮਜੀਤ ਢਿੱਲੋਂ, ਬਲਰਾਜ ਧਾਲੀਵਾਲ, ਹਰਮੇਸ਼ ਜੀਂਦੋਵਾਲ, ਗੁਰਬਖ਼ਸ਼ ਭੰਡਾਲ, ਤਲਵਿੰਦਰ ਮੰਡ, ਸੁਖਦੇਵ ਝੰਡ, ਸਤਪਾਲ ਕੋਮਲ, ਗੁਰਦੇਵ ਸਿੰਘ ਰੱਖੜਾ, ਸੁਰਿੰਦਰਜੀਤ ਕੌਰ, ਪਰਮਜੀਤ ਦਿਓਲ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਗਿੱਲ, ਸੁਰਜੀਤ ਕੌਰ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਸ਼ਮਸ਼ੇਰ ਸਿੰਘ ਸੰਧੂ, ਹੀਰਾ ਸਿੰਘ ਹੰਸਪਾਲ, ਨਾਟਕਕਾਰ ਨਾਹਰ ਸਿੰਘ ਔਜਲਾ, ਸੂਰਤ ਸਿੰਘ ਚਾਹਲ, ਹਰਜੀਤ ਸਿੰਘ ਬਾਜਵਾ, ਪੱਤਰਕਾਰ ਹਰਜੀਤ ਬਾਜਵਾ, ਸੁਖਮਿੰਦਰ ਸਿੰਘ ਸੰਧੂ, ਸੁਮੇਲ ਕਮਲ, ਪਵਨ ਕੁਮਾਰ, ਕਰਨੈਲ ਸਿੰਘ ਮਰਵਾਹਾ, ਜਗਦੀਸ਼ ਕੌਰ ਕਾਹਲੋਂ, ਸਰਬਜੀਤ ਕੌਰ ਕਾਹਲੋਂ, ਦਲਜੀਤ ਕੌਰ ਚਾਹਲ, ਮਨਜੀਤ ਕੌਰ ਚੌਹਾਨ, ਅਮਰਜੀਤ ਕੌਰ ਤੇ ਕਈ ਹੋਰ ਸ਼ਾਮਲ ਸਨ।

# ਪਾਕਿਸਤਾਨ ਦੀ ਗੰਦੀ ਸਾਜ਼ਿਸ਼ ਦਾ ਪਰਦਾਫਾਸ਼, ਸ੍ਰੀ ਹਰਿਮੰਦਰ ਸਾਹਿਬ ਸੀ ਨਿਸ਼ਾਨਾ, ਭਾਰਤੀ ਫੌਜ ਨੇ ਸਾਂਝੀ ਕੀਤੀ ਪੂਰੀ ਜਾਣਕਾਰੀ



ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਸੀ। ਜਵਾਬ 'ਚ ਪਾਕਿਸਤਾਨ ਨੇ ਭਾਰਤ ਦੇ ਕਈ ਸ਼ਹਿਰਾਂ, ਖਾਸ ਕਰਕੇ ਪੰਜਾਬ ਦੇ ਖੇਤਰਾਂ, 'ਤੇ ਡਰੋਨ ਹਮਲੇ ਕੀਤੇ। ਹੁਣ ਇਕ ਵੱਡਾ ਖੁਲਾਸਾ ਹੋਇਆ ਹੈ ਕਿ ਪਾਕਿਸਤਾਨ ਨੇ ਅੰਮ੍ਰਿਤਸਰ ਦੇ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ 'ਤੇ ਕਈ ਵਾਰ ਹਮਲੇ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਹਵਾਈ ਫੌਜ ਦੇ ਸੁਚੇਤ ਏਅਰ ਡਿਫੈਂਸ ਸਿਸਟਮ ਨੇ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ। ਫੌਜ ਨੇ 8 ਮਈ ਨੂੰ ਹੋਏ ਇਕ ਨਾਕਾਮ ਹਮਲੇ ਬਾਰੇ ਹੁਣ ਖੁਲਾਸਾ ਕੀਤਾ ਹੈ। ਫੌਜ ਮੁਤਾਬਕ 8 ਮਈ ਨੂੰ ਪਾਕਿਸਤਾਨ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਕਈ ਹਮਲੇ ਕੀਤੇ। ਹਵਾਈ ਫੌਜ ਦੀ ਫੁਰਤੀ ਕਾਰਨ ਸਾਰੇ ਡਰੋਨ ਅਤੇ ਮਿਸਾਈਲਾਂ ਹਵਾ 'ਚ ਹੀ ਤਬਾਹ ਕਰ ਦਿੱਤੀਆਂ ਗਈਆਂ।

ਮੇਜਰ ਜਨਰਲ ਕਾਰਤਿਕ ਸੀ. ਸ਼ੇਸ਼ਾਦਰੀ ਨੇ ਦੱਸਿਆ ਕਿ ਵਾਰ ਵਾਰ ਹਾਰ ਤੋਂ ਬਾਅਦ, ਪਾਕਿਸਤਾਨੀ ਫੌਜ ਨੇ ਨਾ ਸਿਰਫ ਫੌਜੀ ਅਤੇ ਨਾਗਰਿਕ ਟਿਕਾਣਿਆਂ, ਸਗੋਂ ਧਾਰਮਿਕ ਸਥਾਨਾਂ ਨੂੰ ਵੀ ਨਿਸ਼ਾਨਾ ਬਣਾਇਆ। ਸ੍ਰੀ ਹਰਿਮੰਦਰ ਸਾਹਿਬ ਉਨ੍ਹਾਂ ਦਾ ਮੁੱਖ ਟੀਚਾ ਸੀ। 8 ਮਈ ਦੀ ਸਵੇਰ ਨੂੰ ਪਾਕਿਸਤਾਨ ਨੇ ਸੁਨਹਿਰੀ ਮੰਦਰ 'ਤੇ ਵੱਡਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਾਡੀ ਫੌਜ ਨੇ ਇਸ ਨੂੰ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ।

**ਪਾਕਿਸਤਾਨੀ ਫੌਜ ਦੀ ਕਮਜ਼ੋਰੀ**

ਮੇਜਰ ਜਨਰਲ ਕਾਰਤਿਕ ਨੇ ਕਿਹਾ ਕਿ ਵਾਰ-ਵਾਰ ਹਾਰ ਤੋਂ ਬਾਅਦ ਪਾਕਿਸਤਾਨੀ ਫੌਜ ਹੁਣ ਭਾਰਤੀ ਫੌਜ ਦਾ ਮੁਕਾਬਲਾ ਨਹੀਂ ਕਰ ਸਕਦੀ। ਉਹ ਹੁਣ ਅੱਤਵਾਦੀਆਂ ਅਤੇ ਪ੍ਰੌਕਸੀ ਰਾਹੀਂ ਹਮਲੇ ਕਰ ਰਹੇ ਹਨ। ਉਨ੍ਹਾਂ ਦੀਆਂ ਫੌਜੀ ਚੌਕੀਆਂ ਅਕਸਰ ਸਾਡੀਆਂ ਚੌਕੀਆਂ 'ਤੇ ਗੋਲੀਬਾਰੀ ਕਰਦੀਆਂ ਹਨ ਤਾਂਕਿ ਅੱਤਵਾਦੀ ਘੁਸਪੈਠ ਕਰ ਸਕਣ। ਪਰ ਅਸੀਂ ਉਨ੍ਹਾਂ ਕਮਜ਼ੋਰ ਸਰਹੱਦੀ ਖੇਤਰਾਂ ਨੂੰ "ਕਤਲ ਦੇ ਮੈਦਾਨ" 'ਚ ਬਦਲ ਦਿੱਤਾ ਹੈ।

ਫੌਜ ਦਾ ਭਰੋਸਾ ਇੱਕ ਜਵਾਨ ਨੇ ਕਿਹਾ ਕਿ ਆਪਰੇਸ਼ਨ ਸਿੰਦੂਰ ਦੇ ਤਹਿਤ 8-9 ਮਈ ਦੀ ਰਾਤ ਪਾਕਿਸਤਾਨ ਨੇ ਅਚਾਨਕ ਹਮਲਾ ਕੀਤਾ। ਅਸੀਂ ਜਵਾਬੀ ਕਾਰਵਾਈ ਕੀਤੀ ਅਤੇ ਉਨ੍ਹਾਂ ਦੀ ਘੁਸਪੈਠ ਨੂੰ ਨਾਕਾਮ ਕਰ ਦਿੱਤਾ। ਸਵੇਰ ਤੱਕ ਦੁਸ਼ਮਣ ਹਾਰ ਮੰਨ ਚੁੱਕਾ ਸੀ। ਅਸੀਂ ਦੇਸ਼ ਵਾਸੀਆਂ ਨੂੰ ਭਰੋਸਾ ਦਿੰਦੇ ਹਾਂ ਕਿ ਜਦੋਂ ਤੱਕ ਫੌਜ ਸਰਹੱਦ 'ਤੇ ਹੈ, ਕੋਈ ਵੀ ਦੇਸ਼ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਸਰਹੱਦ ਨੇੜੇ ਰਹਿਣ ਵਾਲੇ ਜਸਬੀਰ ਸਿੰਘ ਨੇ ਕਿਹਾ ਕਿ ਸਾਡੀ ਫੌਜ ਸਾਡਾ ਮਾਣ ਹੈ। ਉਨ੍ਹਾਂ ਕਾਰਨ ਅਸੀਂ ਸ਼ਾਂਤੀ ਨਾਲ ਰਹਿ ਸਕਦੇ ਹਾਂ। ਹਾਲ ਦੇ ਤਣਾਅ ਦੌਰਾਨ ਫੌਜ ਨੇ ਸਾਡੇ ਪਿੰਡਾਂ ਅਤੇ ਖੇਤਾਂ ਦੀ ਰਾਖੀ ਕੀਤੀ। ਸਥਾਨਕ ਲੋਕ ਵੀ ਫੌਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਫੌਜ ਦਾ ਦਿਲੋਂ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਲਾਮ ਕੀਤਾ। ਉਨ੍ਹਾਂ ਨੇ ਕਿਹਾ ਕਿ 10 ਮਈ ਨੂੰ ਸਿੱਖ ਭਾਈਚਾਰੇ ਨੇ ਪਾਕਿਸਤਾਨ ਵਿਰੁੱਧ ਪ੍ਰਦਰਸ਼ਨ ਕੀਤਾ ਸੀ। ਫੌਜ ਨੇ ਪੁਸ਼ਟੀ ਕੀਤੀ ਕਿ ਪਾਕਿਸਤਾਨ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਮਿਸਾਈਲ ਹਮਲੇ ਦੀ ਕੋਸ਼ਿਸ਼ ਕੀਤੀ ਸੀ, ਪਰ ਫੌਜ ਨੇ ਅੰਮ੍ਰਿਤਸਰ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234

Jaswinder Khosa
416-894-9400
1332 Khalsa Drive Unit 12

# ਬੱਚਿਆਂ 'ਚ ਤੇਜ਼ੀ ਨਾਲ ਕਿਉਂ ਵੱਧ ਰਿਹੈ ਮਾਇਓਪੀਆ ?



ਇਸ ਸਾਲ 19-25 ਮਈ ਤੱਕ ਮਾਇਓਪੀਆ ਜਾਗਰੂਕਤਾ ਹਫ਼ਤਾ 2025 ਮਨਾਇਆ ਜਾ ਰਿਹਾ ਹੈ। ਇਸ ਹਫ਼ਤੇ ਦੌਰਾਨ, ਲੋਕਾਂ ਨੂੰ ਮਾਇਓਪੀਆ ਬਾਰੇ ਜਾਗਰੂਕ ਕਰਨ ਦੇ ਯਤਨ ਕੀਤੇ ਜਾਂਦੇ ਹਨ। ਬੱਚਿਆਂ ਵਿੱਚ ਮਾਇਓਪੀਆ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਅਸੀਂ ਇਹ ਜਾਣਨ ਲਈ ਇੱਕ ਡਾਕਟਰ ਨਾਲ ਗੱਲ ਕੀਤੀ ਕਿ ਅਜਿਹਾ ਕਿਉਂ ਹੁੰਦਾ ਹੈ ਤੇ ਇਸ ਤੋਂ ਬਚਣ ਲਈ ਕੀ ਕੀਤਾ ਜਾ ਸਕਦਾ ਹੈ।

### ਬੱਚਿਆਂ ਨੂੰ ਮਾਇਓਪੀਆ ਤੋਂ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ?

ਇਸ ਸਾਲ 19-25 ਮਈ ਤੱਕ ਮਾਇਓਪੀਆ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ। ਮਾਇਓਪੀਆ ਵਿੱਚ, ਨੇੜਲੀਆਂ ਵਸਤੂਆਂ ਸਾਫ਼ ਦਿਖਾਈ ਦਿੰਦੀਆਂ ਹਨ, ਪਰ ਦੂਰ ਦੀਆਂ ਵਸਤੂਆਂ ਨੂੰ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ। ਬਹੁਤ ਜ਼ਿਆਦਾ ਸਕ੍ਰੀਨ ਟਾਈਮ ਕਾਰਨ ਬੱਚਿਆਂ ਵਿੱਚ ਮਾਇਓਪੀਆ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ।

### ਮਾਇਓਪੀਆ ਜਾਗਰੂਕਤਾ ਹਫ਼ਤਾ 2025:

ਬੱਚੇ ਹੁਣ ਆਪਣਾ ਜ਼ਿਆਦਾਤਰ ਸਮਾਂ ਕਿਤਾਬਾਂ ਦੇ ਸਾਹਮਣੇ ਜਾਂ ਸਮਾਰਟਫੋਨ ਸਕ੍ਰੀਨਾਂ ਦੇ ਸਾਹਮਣੇ ਬਿਤਾਉਂਦੇ ਹਨ। ਕੋਵਿਡ-19 ਮਹਾਂਮਾਰੀ ਦੌਰਾਨ ਅਤੇ ਬਾਅਦ ਵਿੱਚ, ਬੱਚਿਆਂ ਦਾ ਸਕ੍ਰੀਨ ਟਾਈਮ ਤੇਜ਼ੀ ਨਾਲ ਵਧਿਆ ਹੈ, ਜਿਸਦਾ ਸਭ ਤੋਂ ਵੱਧ ਪ੍ਰਭਾਵ ਉਨ੍ਹਾਂ ਦੀਆਂ ਅੱਖਾਂ 'ਤੇ ਪੈ ਰਿਹਾ ਹੈ। ਇੰਡੀਅਨ ਜਰਨਲ ਆਫ਼ ਓਫਥਲਮੋਲੋਜੀ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਪਿਛਲੇ 15 ਸਾਲਾਂ ਵਿੱਚ ਬੱਚਿਆਂ ਵਿੱਚ ਮਾਇਓਪੀਆ ਦੇ ਮਾਮਲਿਆਂ ਵਿੱਚ ਲਗਭਗ 25-30% ਦਾ ਵਾਧਾ ਹੋਇਆ ਹੈ।

ਇਸ ਲਈ, ਇਹ ਜ਼ਰੂਰੀ ਹੈ ਕਿ ਬੱਚਿਆਂ ਵਿੱਚ ਮਾਇਓਪੀਆ ਦੇ ਵਧਦੇ ਜੋਖਮ ਤੋਂ ਬਚਣ ਲਈ ਕੁਝ ਜ਼ਰੂਰੀ ਕਦਮ ਚੁੱਕੇ ਜਾਣ। ਆਓ ਜਾਣਦੇ ਹਾਂ ਡਾ. ਮੀਨਾਕਸ਼ੀ ਧਰ (ਨੇਤਰ ਵਿਗਿਆਨ ਦੀ ਮੁਖੀ, ਅੰਮ੍ਰਿਤਾ ਹਸਪਤਾਲ, ਫਰੀਦਾਬਾਦ) ਤੋਂ ਕਿ ਬੱਚਿਆਂ ਵਿੱਚ ਮਾਇਓਪੀਆ ਦੇ ਜੋਖਮ ਨੂੰ ਘਟਾਉਣ ਲਈ ਕੀ ਕਰਨਾ ਚਾਹੀਦਾ ਹੈ (ਮਾਇਓਪੀਆ ਰੋਕਥਾਮ ਸੁਝਾਅ)।

### ਮਾਇਓਪੀਆ ਕੀ ਹੈ?

ਮਾਇਓਪੀਆ ਇੱਕ ਕਿਸਮ ਦੀ ਰਿਫ੍ਰੈਕਟਿਵ ਗਲਤੀ ਹੈ ਜਿਸ ਵਿੱਚ ਇੱਕ ਵਿਅਕਤੀ ਨੇੜਲੀਆਂ ਵਸਤੂਆਂ ਨੂੰ ਸਾਫ਼-ਸਾਫ਼ ਦੇਖ ਸਕਦਾ ਹੈ ਪਰ ਦੂਰ ਦੀਆਂ ਵਸਤੂਆਂ ਧੁੰਦਲੀਆਂ ਦਿਖਾਈ ਦਿੰਦੀਆਂ ਹਨ। ਇਸ ਵਿੱਚ, ਰੋਸ਼ਨੀ ਰੈਟੀਨਾ 'ਤੇ ਕੇਂਦ੍ਰਿਤ ਨਹੀਂ ਹੁੰਦੀ ਸਗੋਂ ਇਸਦੇ ਸਾਹਮਣੇ ਕੇਂਦ੍ਰਿਤ ਹੁੰਦੀ ਹੈ। ਇਸ ਕਾਰਨ ਦੂਰ ਦੀਆਂ ਵਸਤੂਆਂ ਨੂੰ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ। ਇਸ ਪਿੱਛੇ ਜੈਨੇਟਿਕਸ, ਬਹੁਤ ਜ਼ਿਆਦਾ ਸਕ੍ਰੀਨ ਟਾਈਮ, ਬਾਹਰ ਖੇਡਣ ਦੀ ਘਾਟ ਅਤੇ ਘਰ ਦੇ ਅੰਦਰ ਦੀ ਜੀਵਨ ਸ਼ੈਲੀ ਵੱਡੀ ਭੂਮਿਕਾ ਨਿਭਾਉਂਦੇ ਹਨ।

ਮਾਇਓਪੀਆ ਨੂੰ ਠੀਕ ਕਰਨ ਲਈ ਐਨਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਜੇਕਰ ਸਮੇਂ ਸਿਰ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਮੱਸਿਆ ਵੱਧ ਜਾਂਦੀ ਹੈ। ਜੇਕਰ ਹਾਲਤ ਵਿਗੜ ਜਾਂਦੀ ਹੈ, ਤਾਂ ਇਸ ਨਾਲ ਮੈਕੂਲਰ ਡੀਜਨਰੇਸ਼ਨ, ਰੈਟਿਨਾ ਡਿਟੈਚਮੈਂਟ ਅਤੇ ਗਲਾਕੋਮਾ ਵਰਗੀਆਂ ਨਾ-ਮੁੜਨਯੋਗ ਪੇਚੀਦਗੀਆਂ ਹੋ ਸਕਦੀਆਂ ਹਨ।

### ਮਾਇਓਪੀਆ ਦੇ ਲੱਛਣ ਕੀ ਹਨ?

ਪਿੱਛੇ ਬੈਠਣ ਵੇਲੇ ਦੂਰ ਦੀਆਂ ਵਸਤੂਆਂ, ਜਿਵੇਂ ਕਿ ਬਲੈਕਬੋਰਡ, ਨੂੰ ਸਪੱਸ਼ਟ ਤੌਰ 'ਤੇ ਨਾ ਦੇਖਣਾ

ਅੱਖਾਂ ਦਾ ਵਾਰ-ਵਾਰ ਝਪਕਣਾ

ਟੀਵੀ ਜਾਂ ਕਿਤਾਬ ਨੂੰ ਬਹੁਤ ਧਿਆਨ ਨਾਲ ਦੇਖਣਾ

ਵਾਰ-ਵਾਰ ਅੱਖਾਂ ਮਲਣਾ

ਸਿਰ ਦਰਦ

ਜੇਕਰ ਬੱਚੇ ਵਿੱਚ ਅਜਿਹੇ ਲੱਛਣ ਦਿਖਾਈ ਦਿੰਦੇ ਹਨ, ਤਾਂ ਅੱਖਾਂ ਦੇ ਡਾਕਟਰ ਨਾਲ ਸਲਾਹ ਕਰੋ ਅਤੇ ਬੱਚੇ ਦੀਆਂ ਅੱਖਾਂ ਦੀ ਜਾਂਚ ਕਰਵਾਓ।

### ਮਾਇਓਪੀਆ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ?

ਉਨ੍ਹਾਂ ਨੂੰ ਬਾਹਰ ਖੇਡਣ ਲਈ ਭੇਜੋ- ਬੱਚਿਆਂ ਨੂੰ ਦਿਨ ਵਿੱਚ ਘੱਟੋ-ਘੱਟ 1.5-2 ਘੰਟੇ ਖੇਡਣ ਲਈ ਬਾਹਰ ਭੇਜੋ। ਇਸ ਨਾਲ ਉਨ੍ਹਾਂ ਦਾ ਸਕ੍ਰੀਨ ਟਾਈਮ ਘੱਟ ਜਾਵੇਗਾ ਅਤੇ ਸਰੀਰ ਸਿਹਤਮੰਦ ਰਹੇਗਾ। ਬਾਹਰ ਖੇਡਣ ਨਾਲ ਮਾਇਓਪੀਆ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

ਸਕ੍ਰੀਨ ਟਾਈਮ ਘਟਾਓ -

ਬੱਚਿਆਂ ਨੂੰ ਦਿਨ ਵਿੱਚ ਸਿਰਫ਼ 45 ਮਿੰਟ ਲਈ ਫ਼ੋਨ, ਕੰਪਿਊਟਰ ਵਰਤਣ ਜਾਂ ਟੀਵੀ ਦੇਖਣ ਦਿਓ। ਬਹੁਤ ਜ਼ਿਆਦਾ ਸਕ੍ਰੀਨ ਟਾਈਮ ਬਹੁਤ ਛੋਟੀ ਉਮਰ ਵਿੱਚ ਮਾਇਓਪੀਆ ਦਾ ਕਾਰਨ ਬਣ ਸਕਦਾ ਹੈ। ਬੱਚਿਆਂ ਨੂੰ 20-20-20 ਨਿਯਮ ਵੀ ਸਿਖਾਓ, ਤਾਂ ਜੋ ਉਹ ਆਪਣੀਆਂ ਅੱਖਾਂ ਨੂੰ ਡਿਜੀਟਲ ਦਬਾਅ ਤੋਂ ਬਚਾ ਸਕਣ। ਇਸ ਨਿਯਮ ਦੇ ਅਨੁਸਾਰ, ਹਰ 20 ਮਿੰਟਾਂ ਬਾਅਦ, 20 ਸਕਿੰਟ ਦਾ ਬ੍ਰੇਕ ਲਓ ਅਤੇ 20 ਫੁੱਟ ਦੂਰ ਰੱਖੀ ਕਿਸੇ ਵਸਤੂ ਨੂੰ ਦੇਖੋ।

ਅੱਖਾਂ ਦੀ ਜਾਂਚ - ਬੱਚਿਆਂ ਦੀਆਂ ਅੱਖਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰਵਾਓ। ਭਾਵੇਂ ਉਹ ਅੱਖਾਂ ਦੀ ਕਿਸੇ ਸਮੱਸਿਆ ਦੀ ਸ਼ਿਕਾਇਤ ਨਾ ਵੀ ਕਰਨ, ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਕਰਵਾਉਣਾ ਜ਼ਰੂਰੀ ਹੈ। ਇਹ ਮਾਇਓਪੀਆ ਦਾ ਜਲਦੀ ਤੋਂ ਜਲਦੀ ਪਤਾ ਲਗਾਉਣ ਦਾ ਸਭ ਤੋਂ ਆਸਾਨ ਤਰੀਕਾ ਹੈ।

ਪੜ੍ਹਨ ਦੀ ਸਫਾਈ- ਇਸਦਾ ਮਤਲਬ ਹੈ ਕਿ ਪੜ੍ਹਦੇ ਸਮੇਂ ਜਾਂ ਫ਼ੋਨ ਦੀ ਵਰਤੋਂ ਕਰਦੇ ਸਮੇਂ ਵੀ ਰੋਸ਼ਨੀ ਵੱਲ ਧਿਆਨ ਦੇਣਾ ਚਾਹੀਦਾ ਹੈ। ਹਨੇਰੇ ਵਿੱਚ ਫ਼ੋਨ ਪੜ੍ਹਨ ਜਾਂ ਵਰਤਣ ਨਾਲ ਅੱਖਾਂ 'ਤੇ ਜ਼ਿਆਦਾ ਦਬਾਅ ਪੈਂਦਾ ਹੈ। ਇਸ ਤੋਂ ਇਲਾਵਾ, ਬੱਚਿਆਂ ਨੂੰ ਲੇਟਦੇ ਜਾਂ ਤੁਰਦੇ ਸਮੇਂ ਪੜ੍ਹਨ ਤੋਂ ਰੋਕੋ। ਚਲਦੀ ਬੱਸ ਜਾਂ ਕਾਰ ਵਿੱਚ ਪੜ੍ਹਨ ਨਾਲ ਵੀ ਅੱਖਾਂ 'ਤੇ ਦਬਾਅ ਪੈਂਦਾ ਹੈ। ਇਸ ਲਈ, ਬੱਚਿਆਂ ਨੂੰ ਇੱਕ ਜਗ੍ਹਾ ਬੈਠਣਾ, ਆਪਣੀਆਂ ਕਿਤਾਬਾਂ ਸਹੀ ਦੂਰੀ 'ਤੇ ਰੱਖਣਾ ਅਤੇ ਸਹੀ ਰੋਸ਼ਨੀ ਵਿੱਚ ਪੜ੍ਹਾਈ ਕਰਨਾ ਸਿਖਾਓ।

# ਕੰਟ੍ਰੋਲ 'ਚ ਰੱਖੋ-ਆਪਣਾ ਬਲੱਡ-ਪ੍ਰੈਸ਼ਰ




"ਲੰਬੀ ਹੈਲਦੀ ਸਿਹਤਮੰਦ ਜ਼ਿੰਦਗੀ ਜੀਉਣ ਲਈ ਆਪਣਾ ਬਲੱਡ-ਪ੍ਰੈਸ਼ਰ ਕੰਟਰੋਲ 'ਚ ਰੱਖੋ, ਅਤੇ ਸਮੇਂ-ਸਮੇਂ 'ਤੇ ਚੈੱਕ ਕਰਦੇ ਰਹੋ"- ਡਾ. ਅਨਿਲ ਧੀਰ, ਕਾਲਮਨਿਸਟ, ਲ਼ੇਖਕ "ਸੈਲਫ-ਕੇਅਰ ਟਿਪਸ ਐਨਸਾਈਕਲੋਪੀਡੀਆ"ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ- ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** (ਡਾ. ਅਨਿਲ ਧੀਰ) ਮਈ 2025 ਦਾ ਮਹੀਨਾ ਵਿਸ਼ਵ ਹਾਈਪਰਟੈਸ਼ਨ ਜਾਗਰੂਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ 2025 ਦਾ ਥੀਮ ਹੈ ਇਸ ਨਾ-ਮੁਰਾਦ ਬਿਮਾਰੀ ਨਾਲ ਜੀਅ ਰਹੇ ਰੋਗੀ ਸਮੇਂ-ਸਮੇਂ 'ਤੇ ਆਪਣਾ ਬਲੱਡ-ਪ੍ਰੈਸ਼ਰ ਚੈਕ ਕਰਦੇ ਰਹਿਨ ਅਤੇ ਇਸਨੂੰ ਕੰਟ੍ਰੋਲ 'ਚ ਰੱਖਣ। ਲਗਾਤਾਰ ਸਟ੍ਰੈੱਸ ਰਹਿਣਾ, ਵੱਧ ਬਲੱਡ-ਪ੍ਰੈਸ਼ਰ ਦੀ ਹਾਲਤ 'ਚ ਸਿਰ ਪੀੜ, ਥਕਾਵਟ, ਉਲਝਣ, ਛਾਤੀ 'ਚ ਦਰਦ, ਸਾਹ ਲੈਣ 'ਚ ਮੁਸ਼ਕਿਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਅੱਖਾਂ 'ਤੇ ਜੋਰ ਪੈਣਾ, ਅੱਖਾਂ ਲਾਲ ਦਿਸਣਾ, ਉਨੀਂਦਾਪਨ, ਦੇ ਲੱਛਣ ਦੇਖਨ ਨੂੰ ਮਿਲ ਸਕਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜਾਂ ਕਿਸੇ ਗਭੀਰ ਲੱਛਣ ਦੀ ਹਾਲਤ 'ਚ ਦੇਰੀ ਮੇਡੀਕਲ, ਐਮਰਜੈਂਸੀ ਦੀ ਹੈਲਪ ਲੈਣ ਦੀ ਲੋੜ ਹੁੰਦੀ ਹੈ। ਇਸ ਮਹੀਨੇ ਤੰਦਰੁਸਤ ਅਤੇ ਰੋਗੀਆਂ ਨੂੰ ਜਾਗਰੁਕ ਕਰਨ ਦਾ ਮਕਸਦ ਹਾਰਟ ਅਟੈਕ, ਸਟ੍ਰੋਕ ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ। ਵਿਸ਼ਵ ਸਿਹਤ ਸੰਸਥਾ ਅਤੇ ਅਮੇਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਅੱਜ ਵਿਸ਼ਵ ਭਰ 'ਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਸ਼ਨ ਹੈ। ਅੱਜ ਕਰੀਬਨ 1.16 ਬਿਲੀਅਨ, ਘੱਟ 'ਤੇ ਮੱਧ ਆਮਦਨੀ ਵਾਲੇ ਦੇਸ਼ਾਂ 'ਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨਾਂ 'ਚ ਹਰ ਤੀਜਾ ਆਦਮੀ ਅਤੇ ਹਰ ਦੂਜੀ ਔਰਤ ਹਾਈ ਬਲੱਡ-ਪ੍ਰੈਸ਼ਰ ਦੇ ਘੇਰ 'ਚ ਹਨ। ਗੈਰ-ਮੁਸ਼ਕਲ ਬਿਮਾਰੀਆਂ ਲਈ ਅੰਤਰਾਰਸ਼ਟਰੀ ਪੱਧਰ 'ਤੇ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਹਰ ਉਮਰ 'ਚ ਤੇਜੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ ਇਹ ਬਿਮਾਰੀ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ 'ਚ ਬਿਮਾਰੀ ਦਾ ਅੰਕਵਾ ਤੇਜੀ ਨਾਲ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ-ਪ੍ਰੈਸ਼ਰ ਨਾਲ ਦਿਲ, ਦਿਮਾਗ ਅਤੇ ਕਿਡਨੀ-ਰੋਗ ਵੱਧ ਰਹੇ ਹਨ। ਇਹ ਰੋਗ 40 ਤੋਂ ਵੱਧ ਉਮਰ ਦੇ ਮਰਦਾਂ ਅਤੇ 35 ਸਾਲ ਦੀਆਂ ਔਰਤਾਂ 'ਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।



ਪ੍ਰਾਈਮਰੀ ਹਾਈ ਬਲੱਡ-ਪ੍ਰੈਸ਼ਰ ਸਮੇਂ ਨਾਲ ਹੋਲੀ-ਹੋਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ-ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟਰੈੱਸ 'ਤੇ ਸਦਮੇ ਨਾਲ ਵੀ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ ਹੈ। ਹਾਈ ਬਲੱਡ-ਪ੍ਰੈਸ਼ਰ ਖੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਊਰਿਜ਼ਮ ਬਣ ਦਿੰਦਾ ਹੈ। ਜੇ ਐਨਿਊਰਿਜ਼ਮ ਫੱਟ ਜਾਵੇ ਤਾਂ ਜਾਨਲੇਵਾ ਵੀ ਹੋ ਸਕਦਾ ਹੈ।




**Anil Dheer**
Columnist. Alternative Therapist, Social Activist. Health Educator Award winner; Certified in:
GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਆਮ ਬਲੱਡ-ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਅਤੇ ਮਾਹਿਰਾਂ ਨਾਲ ਬਰਾਬਰ ਫਾਲੋ-ਅਪ ਕਰਨਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਪੁਰਾਣੇ ਰੋਗੀ ਹਰ ਦੂਜੇ ਦਿਨ ਆਪਣਾ ਬਲੱਡ-ਪ੍ਰੈਸ਼ਰ ਜਰੂਰ ਚੈੱਕ ਕਰਨ।

ਹਮੇਸ਼ਾ ਰੋਗੀ ਆਪਣਾ ਧਿਆਣ ਰੱਖਣ:

* ਰੋਗੀ 8 ਘੰਟੇ ਦੀ ਨੀਂਦ ਪੂਰੀ ਲੈਣ। ਇਸ ਨਾਲ ਸਰੀਰ ਅੰਦਰ ਬਲੱਡ-ਸਰਕੂਲੇਸ਼ਨ ਦਰੁਸਤ ਹੋ ਜਾਣ ਨਾਲ ਸਟ੍ਰੋਕ, ਦਿਲ ਦਾ ਦੌਰਾ ਅਤੇ ਹਾਈ ਬਲੱਡ-ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।
* ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ਼, ਪੋਸ਼ਟਿਕ ਖ਼ੁਰਾਕ, ਸਾਇਕਿਲਿੰਗ, ਸੈਰ, ਡੇਲੀ ਵਰਕ-ਆਉਟ ਨਾਲ ਆਪਣੇ ਜੀਵਨ ਸ਼ੈਲੀ 'ਚ ਤਬਦੀਲੀ ਲਿਆਓ। ਭੋਜਨ ਤੋਂ ਬਾਅਦ ਘੱਟੋ-ਘੱਟ ਅਧਾ ਘੰਟਾ ਸੈਰ ਜਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਯੋਗਾ, ਖੇਡਾਂ, ਸਰੀਰਕ 'ਤੇ ਮਾਨਸਿਕ ਐਕਟੀਵਿਟੀ ਲਈ ਤਿਆਰ ਕਰੋ।
* ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ ਮੋਟਾਪਾ, ਗੈਰ-ਕਾਨੂੰਨੀ ਨਸ਼ਿਆਂ, ਅਲਕੋਹਲ ਦਾ ਵਾਧੂ ਸੇਵਨ, ਲਗਾਤਾਰ ਜੰਕ ਫੂਡ ਦੀ ਵਰਤੋਂ, ਬਿਨਾ ਮਤਲਬ ਗੁੱਸਾ ਕਰਨਾ ਅਤੇ ਫਾਲਤੂ ਸਟ੍ਰੈਸ ਲੈਣ ਦੀ ਆਦਤ ਤੋਂ ਦੂਰ ਰਹਿਣ ਦੀ ਲੋੜ ਹੈ।
* ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰ-ਕਾਨੂੰਨੀ ਨਸ਼ੇ, ਤੰਬਾਕੂ, ਸਿਗਾਰ, ਅਤੇ ਅਲਕੋਹਲ, ਤੇਜ਼ ਮਿਰਚ-ਮਸਾਲੇ ਖਾਣ ਤੋਂ ਬਚਣਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਆਉਣ ਵਾਲਾ ਬੱਚਾ, ਵਿਕਲਾਂਗ, ਦਿਲ 'ਤੇ ਦਿਮਾਗੀ ਬਿਮਾਰੀਆਂ ਨਾਲ ਲੈ ਕੇ ਆ ਸਕਦਾ ਹੈ। ਤਾਜ਼ੇ ਫੱਲ-ਸਬਜੀਆਂ, ਵੈਜੀਟੇਬਲ ਅਤੇ ਚਿਕਨ ਸੂਪ ਅਤੇ ਪਰੈਸਕਰਾਈਬਡ ਦਵਾਈਆਂ ਲੈਣ ਨਾਲ ਸਰੀਰ ਅੰਦਰ ਖ਼ੂਨ ਦਾ ਦਬਾਅ ਠੀਕ ਰਹਿੰਦਾ ਹੈ।
* ਆਮ 'ਤੇ ਸਸਤਾ ਸਨੈਕ ਕੇਲਾ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ਿਅਮ 10% ਤੱਕ ਖੂਨ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਪੱਕਿਆ ਕੇਲਾ ਦਹੀਂ 'ਚ ਮੈਸ਼ ਕਰਕੇ ਖ਼ੁਦ ਖਾਓ ਅਤੇ ਬੱਚਿਆਂ ਨੂੰ ਵੀ ਖਿਲਾਓ।
* ਜ਼ਿਆਦਾ ਨਮਕ ਯਾਨਿ ਸੋਡੀਅਮ ਬਲੱਡ-ਪ੍ਰੈਸ਼ਰ ਵਧਾ ਕੇ ਰੱਖਦਾ ਹੈ। ਘੱਟ-ਘੱਟ ਹੀ ਇਸਤੇਮਾਲ ਕਰੋ।
* ਰੋਗੀ ਕੋਈ ਵੀ ਵਿਟਾਮਿਨ, ਸਪਲੀਮੈਂਟ ਆਪਣੀ ਮਰਜੀ ਨਾਲ ਨਾ ਲੈ ਕੇ ਡਾਕਟਰੀ ਸਲਾਹ ਨਾਲ ਲਵੋ।

**ਨੋਟ:** ਬਲੱਡ-ਪ੍ਰੈਸ਼ਰ ਦਾ ਲਗਾਤਾਰ ਵੱਧਣਾ ਜਾਂ ਘਟ ਰਹਿਣਾ ਜਾਨਲੇਵਾ ਵੀ ਹੋ ਸਕਦਾ ਹੈ। ਖਿਆਲ ਰੱਖੋ।















# ਰਾਸ਼ੀਫਲ

**ਮੇਖ :** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਲੋੜ ਤੋਂ ਜ਼ਿਆਦਾ ਖਰਚ ਨਾ ਕਰੋ । ਦਫਤਰ ਦੇ ਕੰਮਕਾਜ ਵਿਚ ਜ਼ਿਆਦਾ ਵਿਅਸਤ ਦੇ ਚਲਦੇ ਆਪਣੇ ਜੀਵਨਸਾਥੀ ਦੇ ਨਾਲ ਤੁਹਾਡਾ ਰਿਸ਼ਤਾ ਤਣਾਅਪੂਰਨ ਹੋ ਸਕਦਾ ਹੈ। ਆਪਣੇ ਪ੍ਰੇਮੀ ਦੇ ਲਈ ਬਦਲੇ ਦੀ ਭਾਵਨਾ ਨਾਲ ਕੁਝ ਹਾਸਿਲ ਨਹੀਂ ਹੋਣਾ ਬਜਾਇ ਇਸ ਦੇ ਕਿ ਤੁਹਾਨੂੰ ਦਿਮਾਗ ਠੰਡਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਪ੍ਰੇਮੀ ਨੂੰ ਆਪਣੇ ਸੱਚੇ ਜਜ਼ਬਾਤਾਂ ਨਾਲ ਇਕਮਿਕ ਕਰਨਾ ਚਾਹੀਦਾ ਹੈ। ਤੁਹਾਡਾ ਪ੍ਰਭਾਵਸ਼ਾਲੀ ਸੁਭਾਅ ਤੁਹਾਡੇ ਕਰੀਬੀਆਂ ਲਈ ਆਲੋਚਨਾ ਦੀ ਵਜਾਹ ਬਣ ਸਕਦਾ ਹੈ। ਅੱਜ ਅਨੁਕੂਲ ਗ੍ਰਹਿ ਤੁਹਾਨੂੰ ਖੁਸ਼ ਮਹਿਸੂਸ ਕਰਨ ਦੇ ਬਹੁਤ ਸਾਰੇ ਕਾਰਨ ਲੈ ਕੇ ਆਉਣਗੇ। ਇਕ ਕਰੀਬੀ ਦੋਸਤ ਜਾਂ ਗੁਆਂਢੀ ਦੀ ਵਜਾਹ ਨਾਲ ਅੱਜ ਵਿਆਹੁਤ ਜੀਵਨ ਤਕਰਾਰ ਸੰਭਵ ਹੈ।

**ਬ੍ਰਿਸ਼ਭ:** ਘਰ ਵਿਚ ਕੰਮ ਕਰਦੇ ਸਮੇਂ ਖਾਸ ਸਾਵਧਾਨੀ ਵਰਤੋ । ਘਰੇਲੂ ਚੀਜਾਂ ਨੂੰ ਲਾਪਰਵਾਹੀ ਨਾਲ ਇਸਤੇਮਾਲ ਕਰਨਾ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਅੱਜ ਤੁਹਾਡਾ ਪੈਸਾ ਕਈਂ ਚੀਜਾਂ ਤੇ ਖਰਚ ਹੋ ਸਕਦਾ ਹੈ ਤੁਹਾਨੂੰ ਅੱਜ ਚੰਗਾ ਬਜਟ ਯੋਜਨਾ ਬਣਾਉਣ ਦੀ ਲੋੜ ਹੈ ਇਸ ਨਾਲ ਤੁਹਾਡੀਆਂ ਕਈਂ ਮੁਸ਼ਕਿਲਾਂ ਦੂਰ ਹੋ ਸਕਦੀਆਂ ਹਨ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਤੁਹਾਡੀ ਅੱਖਾਂ ਚਮਕਣਗੀਆਂ ਧੜਕਣ ਅਤੇ ਖੁਸ਼ੀ ਤੇਜ ਹੋ ਜਾਵੇਗੀ ਜਦੋਂ ਤੁਸੀ ਆਪਣੀ ਸੁਪਨਿਆਂ ਦੀ ਰਾਜਕੁਮਾਰੀ ਨੂੰ ਮਿਲੋਂਗੇ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਅੱਜ ਦਾ ਦਿਨ ਤੁਸੀ ਆਪਣੇ ਕਿਸੇ ਦੋਸਤ ਦੇ ਨਾਲ ਸਮਾਂ ਬਿਤਾ ਸਕਦੇ ਹੋ ਪਰੰਤੂ ਇਸ ਦੋਰਾਨ ਤੁਸੀ ਸ਼ਰਾਬ ਦਾ ਸੇਵਨ ਕਰਨ ਤੋਂ ਬਚੋ ਨਹੀਂ ਤਾਂ ਸਮੇਂ ਦੀ ਬਰਬਾਦੀ ਹੋ ਸਕਦੀ ਹੈ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋਂ ਵੱਧ ਦਿਖਾਉਣਗੀਆਂ।

**ਮਿਥੁਨ :** ਅੱਜ ਯਾਤਰਾ ਕਰਨ ਤੋਂ ਬਚੋ ਕਿਉਂ ਕਿ ਇਸ ਦੇ ਚੱਲਦੇ ਤੁਸੀ ਥਕਾਵਟ ਅਤੇ ਤਨਾਵ ਮਹਿਸੂਸ ਕਰੋਂਗੇ। ਮਾਤਾ ਪਿਤਾ ਦੀ ਸਿਹਤ ਤੇ ਤੁਹਾਨੂੰ ਅੱਜ ਕਾਫੀ ਪੈਸਾ ਖਰਚ ਕਰਨਾ ਪੈ ਸਕਦਾ ਹੈ ਇਸ ਲਈ ਆਰਥਿਕ ਸਥਿਤੀ ਵਿਚ ਵਿਗਾੜ ਆਵੇਗਾ ਪਰੰਤੂ ਨਾਲ ਹੀ ਰਿਸ਼ਤਿਆਂ ਵਿਚ ਮਜ਼ਬੂਤੀ ਵੀ ਆਵੇਗੀ। ਪੁਰਾਣੇ ਸੰਪਰਕਾਂ ਨੂੰ ਮਿਲਣ ਜੁਲਣ ਅਤੇ ਪੁਰਾਣੇ ਰਿਸ਼ਤਿਆਂ ਨੂੰ ਤਰੋਤਾਜ਼ਾ ਕਰਨ ਲਈ ਵਧੀਆ ਦਿਨ ਹੈ। ਪਿਆਰ ਦੇ ਸਾਕਾਰਤਕ ਸੰਕੇਤ ਤੁਹਾਨੂੰ ਮਿਲਣਗੇ। ਕਾਰੋਬਾਰ ਵਿਚ ਨਵੇਂ ਵਿਚਾਰ ਦਾ ਸਵਾਗਤ ਖੁੱਲੇ ਦਿਮਾਗ ਅਤੇ ਤੇਜੀ ਦੇ ਨਾਲ ਕਰੋ ਅਜਿਹਾ ਕਰਨਾ ਤੁਹਾਡੇ ਪੱਖ ਵਿਚ ਰਹੇਗਾ। ਤੁਹਾਨੂੰ ਉਸ ਨੂੰ ਆਪਣੀ ਮਿਹਨਤ ਤੋਂ ਹਕੀਕਤ ਵਿਚ ਬਦਲਣ ਦੀ ਲੋੜ ਹੈ ਜੋ ਕਾਰੋਬਾਰ ਵਿਚ ਰਹਿਣ ਦਾ ਮੂਲ ਮੰਤਰ ਹੈ ਕੰਮ ਵਿਚ ਦਿਲਚਸਪੀ ਬਣਾਈ ਰੱਖਣ ਦੇ ਲਈ ਸ਼ਾਤ ਰਹੋ। ਅੱਜ ਤੁਸੀ ਆਪਣਾ ਖਾਲੀ ਸਮਾਂ ਧਾਰਮਿਕ ਕੰਮਾਂ ਵਿਚ ਬਿਤਾਉਣ ਬਾਰੇ ਸੋਚ ਸਕਦੇ ਹੋ ਇਸ ਦੌਰਾਨ ਬੇਵਜਾਹ ਦੀਆਂ ਬਹਿਸਾਂ ਵਿਚ ਤੁਹਾਨੂੰ ਨਹੀਂ ਪੈਣਾ ਚਾਹੀਦਾ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ ਸਮਝੋਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀ ਅੱਜ ਜਾਣੋਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋਂ ਚੰਗੀ ਘਟਨਾ ਸੀ।

**ਕਰਕ :** ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਪ੍ਰਾਪਤ ਹੋਇਆ ਧੰਨ ਤੁਹਾਡੀ ਉਮੀਦ ਮੁਤਾਬਿਕ ਨਹੀਂ ਹੋਵੇਗਾ। ਇਕ ਦੂਜੇ ਦਾ ਨਜ਼ਰੀਆਂ ਸਮਝਕੇ ਵਿਅਕਤੀਗਤ ਸਮੱਸਿਆ ਸੁਲਝਾਉ ਇਸ ਨੂੰ ਹੋਰਾਂ ਦੇ ਲਈ ਲਾਵੋ ਨਹੀਂ ਤਾਂ ਬਦਨਾਮੀ ਹੋ ਸਕਦੀ ਹੈ। ਅੱਜ ਤੁਹਾਨੂੰ ਅਹਿਸਾਸ ਹੋਵੇਗਾ ਕਿ ਪਿਆਰ ਹਰ ਚੀਜ ਦਾ ਬਦਲ ਹੈ। ਕੰਮਕਾਰ ਵਿਚ ਤੁਹਾਡਾ ਕੋਈ ਮੁਕਾਬਲੇਬਾਜ਼ ਅੱਜ ਤੁਹਾਡੇ ਖਿਲਾਫ ਸਾਜਿਸ਼ ਕਰ ਸਕਦਾ ਹੈ ਜਿਸ ਨਾਲ ਤੁਹਾਨੂੰ ਚੋਕਸ ਰਹਿਣ ਅਤੇ ਸਾਵਧਾਨੀ ਵਰਤਣ ਦੀ ਲੋੜ ਹੈ। ਅੱਜ ਖਾਲੀ ਸਮੇਂ ਵਿਚ ਤੁਸੀ ਮੋਬਾਇਲ ਤੇ ਕੋਈ ਵੈਬ ਸੀਰੀਜ਼ ਦੇਖ ਸਕਦੇ ਹੋ। ਜੀਵਨਸਾਥੀ ਦੇ ਨਾਲ ਇਹ ਇਕ ਵਧੀਆ ਦਿਨ ਗੁਜ਼ਰਨ ਵਾਲਾ ਹੈ।

**ਸਿੰਘ:** ਬਿਮਾਰੀ ਤੁਹਾਡੀ ਉਦਾਸੀ ਦੀ ਵਜਾਹ ਹੋ ਸਕਦੀ ਹੈ ਤੁਹਾਨੂੰ ਪਰਿਵਾਰ ਵਿਚ ਫਿਰ ਤੋਂ ਖੁਸ਼ੀ ਦਾ ਮਾਹੋਲ ਬਣਾਉਣ ਦੇ ਲਈ ਜਲਦ ਤੋਂ ਜਲਦ ਇਸ ਤੋਂ ਬਾਹਰ ਆਉਣ ਦੀ ਲੋੜ ਹੈ। ਵਿਆਹੇ ਜੋੜਿਆਂ ਨੂੰ ਅੱਜ ਆਪਣੇ ਬੱਚਿਆਂ ਦੀ ਸਿੱਖਿਆ ਤੇ ਖਾਸਾ ਖਰਚਾ ਕਰਨਾ ਪੈ ਸਕਦਾ ਹੈ। ਕੁਝ ਲੋਕ ਜਿਨਾਂ ਕਰ ਸਕਦੇ ਹਨ ਉਸ ਤੋਂ ਕਈਂ ਜ਼ਿਆਦਾ ਕਰਨ ਦਾ ਵਾਧਾ ਕਰ ਲੈਂਦੇ ਹਨ ਅਜਿਹੇ ਲੋਕਾਂ ਨੂੰ ਭੁੱਲ ਜਾਣ ਚਾਹੀਦਾ ਹੈ ਜੋ ਸਿਰਫ ਗੱਲਬਾਤ ਕਰਨਾ ਜਾਣਦੇ ਹਨ ਅਤੇ ਕੋਈ ਪਰਿਣਾਮ ਨਹੀਂ ਦਿੰਦੇ। ਅਚਾਨਕ ਰੋਮਾਂਟਿਕ ਤੁਹਾਡੇ ਹੋਂਸਲੇ ਨੂੰ ਵਧਾਵੇਗਾ। ਕਾਰੋਬਾਰ ਦੇ ਲਈ ਚੰਗਾ ਦਿਨ ਹੈ ਕਾਰੋਬਾਰ ਦੇ ਲਈ ਅਚਾਨਕ ਕੀਤੀ ਗਈ ਯਾਤਰਾ ਸਾਕਾਰਾਤਮਕ ਪਰਿਣਾਮ ਦੇਵੇਗੀ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਤੁਹਾਡਾ ਜੀਵਨਸਾਥੀ ਤੁਹਾਨੂੰ ਪਾ ਕੇ ਖੁਦ ਨੂੰ ਖੁਸ਼ਨਸੀਬ ਸਮਝਦਾ ਹੈ ਇਨਾਂ ਪਲਾਂ ਦਾ ਤੁਸੀ ਭਰਪੂਰ ਉਪਯੋਗ ਕਰੋਂਗੇ।

**ਕੰਨਿਆ:** ਬਿਮਾਰੀ ਤੁਹਾਡੀ ਉਦਾਸੀ ਦੀ ਵਜਾਹ ਹੋ ਸਕਦੀ ਹੈ ਤੁਹਾਨੂੰ ਪਰਿਵਾਰ ਵਿਚ ਫਿਰ ਤੋਂ ਖੁਸ਼ੀ ਦਾ ਮਾਹੋਲ ਬਣਾਉਣ ਦੇ ਲਈ ਜਲਦ ਤੋਂ ਜਲਦ ਇਸ ਤੋਂ ਬਾਹਰ ਆਉਣ ਦੀ ਲੋੜ ਹੈ। ਪੈਸਾ ਅਚਾਨਕ ਤੁਹਾਡੇ ਕੋਲ ਆਵੇਗਾ ਜੋ ਤੁਹਾਡੇ ਖਰਚੇ ਅਤੇ ਬਿਲ ਆਦਿ ਵਿਚ ਸਮੋ ਜਾਵੇਗਾ। ਘਰੇਲੂ ਕੰਮ-ਕਾਜ ਨਿਪਟਾਉਣ ਦੇ ਲਈ ਬੱਚੇ ਮਦਦ ਕਰਨਗੇ ਖਾਲੀ ਸਮੇਂ ਵਿਚ ਉਨਾਂ ਨੂੰ ਅਜਿਹੇ ਕੰਮ ਕਰਨ ਦੇ ਲਈ ਉਤਸ਼ਾਹਿਤ ਕਰੋ। ਇਹ ਦਿਨ ਖੁਸ਼ੀ ਭਰਿਆ ਅਤੇ ਜ਼ਿੰਦਾ ਦਿਲੀ ਦੇ ਨਾਲ ਕੁਝ ਖਾਸ ਸੰਦੇਸ਼ ਵੀ ਦੇਵੇਗਾ। ਪਾਰਟਨਰ ਤੁਹਾਡੀਆਂ ਨਵੀਆਂ ਯੋਜਨਾਵਾਂ ਅਤੇ ਉੱਦਮਾਂ ਪ੍ਰਤੀ ਉਤਸ਼ਾਹਿਤ ਹੋਣਗੇ। ਅੱਜ ਤੁਸੀ ਬਿਨਾਂ ਦੱਸੇ ਇਕੱਲੇ ਹੀ ਸਮਾਂ ਬਿਤਾਉਣ ਲਈ ਘਰ ਤੋਂ ਬਾਹਰ ਜਾ ਸਕਦੇ ਹੋ ਭਾਂਵੇ ਤੁਸੀ ਇਕੱਲੇ ਹੋਵੋਂਗੇ ਉੱਥੇ ਲੱਖਾ ਚੀਜ਼ਾਂ ਤੁਹਾਡੇ ਦਿਮਾਗ ਵਿਚੋਂ ਜਾ ਰਹੀਆਂ ਹੋਣਗੀਆਂ। ਇਹ ਤੁਹਾਡੀ ਵਿਵਾਹਿਕ ਜ਼ਿੰਦਗੀ ਦਾ ਸਭ ਤੋਂ ਖਾਸ ਦਿਨ ਰਹਿਣ ਵਾਲਾ ਹੈ ਤੁਸੀ ਪਿਆਰ ਦੀ ਗਹਿਰਾਈ ਦਾ ਅਨੁਭਵ ਕਰੋਂਗੇ।

**ਤੁਲਾ:** ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਲੰਬੇ ਨਿਵੇਸ਼ ਤੋਂ ਬਚੋ ਅਤੇ ਕੋਸ਼ਿਸ਼ ਕਰੋ ਦੋਸਤਾਂ ਦੇ ਨਾਲ ਬਾਹਰ ਜਾ ਕੇ ਖੁਸ਼ੀ ਦੇ ਪਲ ਬਤੀਤ ਕਰੋ। ਤੁਹਾਡੀ ਭਰਪੂਰ ਉਰਜਾ ਅਤੇ ਜ਼ਬਰਦਸਤ ਉਤਸ਼ਾਹ ਸਾਕਾਰਾਤਮਕ ਪਰਿਣਾਮ ਲਿਆਉਂਗੇ ਅਤੇ ਘਰੇਲੂ ਤਣਾਅ ਦੂਰ ਕਰਨ ਲਈ ਮਦਦਗਾਰ ਰਹੋਂਗੇ। ਤੁਹਾਡੀ ਉਰਜਾ ਦੀ ਦਰ ਉੱਚੀ ਰਹੇਗੀ ਕਿਉਂ ਕਿ ਤੁਹਾਡਾ ਪਿਆਰ ਤੁਹਾਡੇ ਲਈ ਬਹੁਤ ਸਾਰੀ ਖੁਸ਼ੀ ਦੀ ਵਜਾਹ ਸਾਬਿਤ ਹੋਵੇਗਾ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਦੂਸਰਿਆਂ ਨੂੰ ਯਕੀਨ ਦਿਵਾਉਣ ਲਈ ਤੁਹਾਡੀ ਸ਼ਮੂਲੀਅਤ ਬਹੁਤ ਜ਼ਿਆਦਾ ਲਾਭਦਾਇਕ ਰਹੇਗੀ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਲਈ ਕੁਝ ਖਾਸ ਕਰਨ ਵਾਲਾ ਹੋ ਸਕਦਾ ਹੈ।

**ਬ੍ਰਿਸ਼ਚਕ:** ਗੱਡੀ ਚਲਾਉਂਦੇ ਸਮੇਂ ਸਾਵਧਾਨ ਰਹੋ ਖਾਸ ਤੋਰ ਤੇ ਮੋੜ ਤੇ। ਨਹੀਂ ਤਾਂ ਕਿਸੇ ਹੋਰ ਦੀ ਗਲਤੀ ਦਾ ਹਰਜ਼ਾਨਾ ਤੁਹਾਨੂੰ ਭੁਗਤਣਾ ਪੈ ਸਕਦਾ ਹੈ। ਆਪਣੇ ਲਈ ਪੈਸਾ ਬਚਾਉਣ ਦਾ ਖਿਆਲ ਤੁਹਾਡੀ ਵਿਚਾਰ ਅੱਜ ਪੂਰਾ ਹੋ ਸਕਦਾ ਹੈ ਅੱਜ ਤੁਸੀ ਕਾਫੀ ਬਚਤ ਪਾਉਣ ਵਿਚ ਸੰਭਵ ਹੋਵੋਂਗੇ। ਪੜ੍ਹਾਈ ਦੇ ਸਮੇਂ ਘਰ ਤੋਂ ਬਾਹਰ ਜ਼ਿਆਦਾਤਰ ਬਾਹਰ ਰਹਿਣਾ ਤੁਹਾਡੇ ਮਾਤਾ ਪਿਤਾ ਨੂੰ ਗੁੱਸੇ ਦਾ ਸ਼ਿਕਾਰ ਬਣ ਸਕਦਾ ਹੈ। ਕਰੀਅਰ ਦੇ ਲਈ ਯੋਜਨਾ ਬਣਾਉਣਾ ਉਨਾ ਹੀ ਮੁਸ਼ਕਿਲ ਹੈ ਜਿਨਾਂ ਕਿ ਖੇਡਣਾ। ਇਸ ਲਈ ਮਾਤਾ ਪਿਤਾ ਨੂੰ ਖੁਸ਼ ਕਰਨ ਦੇ ਲਈ ਦੋਨਾਂ ਵਿਚ ਸੰਤੁਲਨ ਬਣਾਉਣਾ ਜ਼ਰੂਰੀ ਹੈ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ । ਕਿਸੇ ਅਜਿਹੇ ਨਵੇਂ ਉੱਦਮ ਨਾਲ ਜੁੜਨ ਤੋਂ ਬਚੋ ਜਿਸ ਵਿਚ ਕਈਂ ਭਾਗੀਦਾਰੀ ਹੋਣ ਅਤੇ ਜੇਕਰ ਲੋੜ ਪਵੇ ਤਾਂ ਉਨਾਂ ਲੋਕਾਂ ਦੀ ਰਾਏ ਲੈਣ ਵਿਚ ਝਿਜਕੋ ਜੋ ਤੁਹਾਡੇ ਕਰੀਬ ਹਨ। ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਸਮੇਂ ਤੁਸੀ ਕਈਂ ਵਾਰ ਖੁਦ ਨੂੰ ਬਰੇਕ ਦੇਣਾ ਭੁੱਲ ਜਾਂਦੇ ਹੋ ਪਰੰਤੂ ਅੱਜ ਤੁਸੀ ਆਪਣੇ ਲਈ ਸਮਾਂ ਕੱਢੋਗੇਂ ਅਤੇ ਨਵੇਂ ਸ਼ੋਂਕ ਦੀ ਭਾਲ ਕਰੋਂਗੇ ਵਿਵਾਹਿਕ ਸੁੱਖ ਦੇ ਦ੍ਰਿਸ਼ਟੀਕੋਣ ਤੋਂ ਅੱਜ ਤੁਹਾਨੂੰ ਕੁਝ ਅਨੋਖਾ ਤੋਹਫਾ ਮਿਲ ਸਕਦਾ ਹੈ।

**ਧਨੂੰ:** ਰੁਪਏ ਪੈਸੇ ਦੇ ਹਾਲਾਤ ਅਤੇ ਉਸ ਨਾਲ ਜੁੜੀ ਸਮੱਸਿਆ ਤਣਾਅ ਦਾ ਕਾਰਨ ਬਣ ਸਕਦੀ ਹੈ । ਤੁਹਾਨੂੰ ਆਪਣਾ ਪੈਸਾ ਇਕੱਠਾ ਕਰਨਾ ਅਤੇ ਇਹ ਜਾਣਨ ਦੀ ਲੋੜ ਹੈ ਕਦੋਂ ਤੇ ਕਿੱਥੇ ਸਮਝਦਾਰੀ ਨਾਲ ਖਰਚਣਾ ਹੈ ਨਹੀਂ ਤਾਂ ਤੁਹਾਨੂੰ ਆਉਣ ਵਾਲੇ ਸਮੇਂ ਵਿਚ ਪਛਤਾਉਣਾ ਪੈ ਸਕਦਾ ਹੈ। ਜਿੰਨਾ ਤੁਸੀ ਸੋਚਿਆ ਹੈ ਤੁਹਾਡਾ ਵੀਰ ਉਸ ਤੋਂ ਜ਼ਿਆਦਾ ਮਦਦਗਾਰ ਸਾਬਿਤ ਹੋਵੇਗਾ। ਤੁਹਾਡੀਆਂ ਅੱਖਾਂ ਏਨੀਆਂ ਚਮਕੀਲੀਆਂ ਹਨ ਕਿ ਉਹ ਤੁਹਾਡੇ ਪਿਆਰ ਦੀ ਅੰਧੇਰੀ ਰਾਤ ਨੂੰ ਵੀ ਰੋਸ਼ਨ ਕਰ ਸਕਦੀ ਹੈ। ਗਹਿਰਾਈ ਨੂੰ ਸਮਝੇ ਬਿਨਾ ਕਿਸੇ ਕਾਰੋਬਾਰੀ ਕਾਨੂੰਨੀ ਦਸਤਾਵੇਜ਼ ਤੇ ਸਾਈਨ ਨਾ ਕਰੋ। ਬਿਨਾਂ ਕੋਈ ਨੋਟਿਸ ਦਿੱਤੇ ਅੱਜ ਤੁਹਾਡੇ ਘਰ ਦੂਰ ਦਾ ਰਿਸ਼ਤੇਦਾਰ ਆ ਸਕਦਾ ਹੈ ਜਿਸ ਨਾਲ ਤੁਹਾਡਾ ਜ਼ਿਆਦਾਤਰ ਸਮਾਂ ਬਤੀਤ ਹੋ ਸਕਦਾ ਹੈ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

**ਮਕਰ:** ਆਪਣੀ ਸਿਹਤ ਦੀ ਬਿਹਤਰੀ ਲਈ ਖਾਣ ਪੀਣ ਸੁਧਾਰ ਕਰੋ। ਦਿਨ ਦੇ ਦੂਜੇ ਹਿੱਸੇ ਵਿਚ ਆਰਥਿਕ ਤੋਰ ਤੇ ਲਾਭ ਹੋਵੇਗਾ। ਇਕ ਚਿੱਠੀ ਪੂਰੇ ਪਰਿਵਾਰ ਦੇ ਲਈ ਚੰਗੀ ਖਬਰ ਲਿਆਵੇਗਾ। ਤੁਹਾਡੇ ਦਿਲ ਦੀ ਧੜਕਣ ਅੱਜ ਤੁਹਾਡੇ ਸਾਥੀ ਨਾਲ ਤਲ ਵਿਚ ਪਿਆਰ ਦਾ ਸੰਗੀਤ ਵਜਾਏਗੀ। ਤੁਹਾਡੀ ਕੰਮ ਕਰਨ ਅਤਿਰਿਕਤ ਸ਼ਮਤਾ ਉਨਾਂ ਲੋਕਾਂ ਨੂੰ ਹੈਰਾਨ ਕਰ ਦੇਵੇਗੀ ਜਿਨਾਂ ਦਾ ਪ੍ਰਦਸ਼ਨ ਤੁਹਾਡੀ ਤੋਂ ਘੱਟ ਹੈ। ਮਹੱਤਵਪੂਰਨ ਕੰਮਾਂ ਨੂੰ ਸਮਾਂ ਨਾ ਦੇਣਾ ਅਤੇ ਫਿਜ਼ੂਲ ਦੀਆਂ ਚੀਜ਼ਾਂ ਤੇ ਸਮਾਂ ਖਰਾਬ ਕਰਨਾ ਅੱਜ ਤੁਹਾਡੇ ਲਈ ਘਾਤਕ ਸਿੱਧ ਹੋ ਸਕਦਾ ਹੈ। ਆਪਣੇ ਜੀਵਨਸਾਥੀ ਦੇ ਨਾਲ ਅੱਜ ਤੁਸੀ ਇਕ ਸ਼ਾਨਦਾਰ ਸ਼ਾਮ ਗੁਜ਼ਾਰ ਸਕਦੇ ਹੋ।

**ਕੁੰਭ:** ਤੁਹਾਡੀ ਸਮੱਸਿਆਵਾਂ ਅੱਜ ਤੁਹਾਡੇ ਮਾਨਸਿਕ ਸੁੱਖ ਨੂੰ ਖਤਮ ਕਰ ਸਕਦੀਆਂ ਹਨ। ਅੱਜ ਤੁਹਾਨੂੰ ਕਿਸੇ ਅਗਿਆਤ ਸਰੋਤ ਤੋਂ ਪੈਸਾ ਪ੍ਰਪਾਤ ਹੋ ਸਕਦਾ ਹੈ ਜਿਸ ਨਾਲ ਤੁਹਾਡੀਆਂ ਕਈਂ ਆਰਥਿਕ ਮੁਸ਼ਕਿਲਾਂ ਦੂਰ ਹੋ ਜਾਣਗੀਆਂ। ਅਜਿਹੀ ਜਾਣਕਾਰੀ ਜ਼ਾਹਿਰ ਨਾ ਕਰੋ ਜੋ ਵਿਅਕਤੀਗਤ ਅਤੇ ਗੁਪਤ ਹੋਵੇ। ਅੱਜ ਇਹ ਹੋ ਸਕਦਾ ਹੈ ਕਿ ਪਹਿਲੀ ਨਜ਼ਰ ਵਿਚ ਹੀ ਤੁਹਾਨੂੰ ਕੋਈ ਪਸੰਦ ਕਰ ਲਵੇ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਦੋਸਤਾਂ ਨਾਲ ਘੁੰਮਣ ਅਤੇ ਬਾਹਰ ਘੁੰਮਣ ਲਈ ਆਪਣਾ ਸਮਾਂ ਨਾ ਖਰਾਬ ਕਰੋ ਇਹ ਉਨਾਂ ਦੇ ਕਰੀਅਰ ਦਾ ਸਿਖਰ ਹੈ ਜਿੱਥੇ ਉਨਾਂ ਨੂੰ ਅਧਿਐਨ ਕਰਨਾ ਚਾਹੀਦਾ ਹੈ ਅਤੇ ਜ਼ਿੰਦਗੀ ਵਿਚ ਅੱਗੇ ਵੱਧਣਾ ਚਾਹੀਦਾ ਹੈ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀਂ ਹੋਇਆ।

**ਮੀਨ:** ਕੁਝ ਤਣਾਅ ਅਤੇ ਮਤਭੇਦ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਬਣਾ ਸਕਦਾ ਹੈ। ਦਿਨ ਚੜ੍ਹਨ ਤੋਂ ਬਾਅਦ ਆਰਥਿਕ ਤੋਰ ਤੇ ਸੁਧਾਰ ਆਵੇਗਾ। ਅਜਿਹੇ ਵਿਵਾਦ ਪ੍ਰਸਤ ਮੁੱਦਿਆਂ ਤੇ ਬਹਿਸ ਕਰਨ ਤੋਂ ਬਚੋ ਜੋ ਤੁਹਾਡੇ ਪਿਆਰ ਦੇ ਵਿਚਕਾਰ ਪ੍ਰਤੀਰੋਧ ਪੈਦਾ ਕਰ ਸਕਦੇ ਹਨ। ਆਪਣੀ ਵਿਅਕਤੀਗਤ ਭਾਵਨਾਵਾਂ ਅਤੇ ਗੁਪਤ ਗੱਲਾਂ ਨੂੰ ਆਪਣੇ ਪ੍ਰੇਮੀ ਨਾਲ ਵੰਡਣ ਦਾ ਸਹੀ ਸਮਾਂ ਨਹੀਂ ਹੈ। ਇਕ ਅਹਿਮ ਪ੍ਰੋਜੈਕਟ ਜਿਸ ਤੇ ਤੁਸੀ ਕਾਫੀ ਸਮੇਂ ਤੋਂ ਕੰਮ ਕਰ ਰਹੇ ਹੋ ਰੁਕ ਸਕਦਾ ਹੈ। ਤੁਸੀ ਆਪਣੇ ਬੱਚਿਆਂ ਨੂੰ ਸਮੇਂ ਦੀ ਪ੍ਰਬੰਧਨ ਅਤੇ ਸਮੇਂ ਨੂੰ ਸਭ ਤੋਂ ਵਧੀਆ ਢੰਗ ਨਾਲ ਵਰਤਣ ਦੀ ਸਲਾਹ ਦੇ ਸਕਦੇ ਹੋ। ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

# ਕੀ ਬੁਲਡੋਜ਼ਰ ਹੀ ਨਸ਼ੇ ਨੂੰ ਖ਼ਤਮ ਕਰਨ ਦਾ ਆਖਰੀ ਰਸਤਾ, ਜਾਂ ਕੁਝ ਹੋਰ??



ਪਰ ਪਿਛਲੇ ਕੁਝ ਸਮੇਂ ਤੋਂ ਇਸ ਦੀਆਂ ਲੋਕ ਵਿਰੋਧੀ ਕਾਰਵਾਈਆਂ ਵਿੱਚ ਵਾਧਾ ਸਾਹਮਣੇ ਆਇਆ ਹੈ। ਨਸ਼ਾ ਮੁਕਤ ਪੰਜਾਬ ਬਣਾਉਣ ਦੇ ਨਾਂ 'ਤੇ ਪੰਜਾਬ ਪੁਲਿਸ ਵੱਲੋਂ ਕਈ ਆਮ ਲੋਕਾਂ ਦੇ ਘਰਾਂ ਉੱਤੇ ਬੁਲਡੋਜਰ ਚਲਾ ਕੇ ਘਰ ਤਬਾਹ ਕਰਨ ਦੀਆਂ ਤਸਵੀਰਾਂ ਵੀਡੀਓ ਆਮ ਵੇਖਣ ਨੂੰ ਮਿਲੀਆਂ। ਘਰਾਂ ਦੇ ਪਰਿਵਾਰ ਵਾਲੇ ਰੋਂਦੇ ਕੁਰਲਾਉਂਦੇ ਸਾਹਮਣੇ ਆਏ। ਇਹ ਮੰਨਿਆ ਜਾ ਸਕਦਾ ਹੈ ਕਿ ਜੇ ਇਹ ਲੋਕ ਨਸ਼ੇ ਦੇ ਵਪਾਰ ਦਾ ਹਿੱਸਾ ਬਣਦੇ ਹਨ ਤਾਂ ਕਾਰਵਾਈ ਕੀਤੀ ਜਾ ਸਕਦੀ ਹੈ (ਇਹਨਾਂ ਦੇ ਪਰਿਵਾਰਾਂ ਦੇ ਘਰ ਢਾਉਣ ਦੀ ਫੇਰ ਵੀ ਕੋਈ ਤੁੱਕ ਨਹੀਂ) ਪਰ ਪਹਿਲਾਂ ਕਾਰਵਾਈ ਦੇ ਹੱਕਦਾਰ ਉਹ ਹਨ ਜਿਹੜੇ ਇਸ ਵਪਾਰ ਦਾ ਮੁੱਢ ਹਨ ਉਹ ਮਗਰਮੱਛ ਜਿਹੜੇ ਇਸ ਵਪਾਰ ਤੋਂ ਕਰੋੜਾਂ ਅਰਬਾਂ ਦਾ ਮੁਨਾਫਾ ਕਮਾਉਂਦੇ ਹਨ।

ਜਦੋਂ ਅਜਿਹਾ ਕੋਈ ਵੀ ਮਸਲਾ ਉੱਭਰਦਾ ਹੈ ਤਾਂ ਮਸਲੇ ਦੀ ਕੜੀ ਨਾਲ਼ ਜੁੜੇ ਸਭ ਤੋਂ ਹੇਠਲੇ ਵਰਗ/ ਅਧਿਕਾਰੀਆਂ 'ਤੇ ਕਾਰਵਾਈਆਂ ਕਰਕੇ ਗੱਲ ਨੂੰ ਖਤਮ ਕਰ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਲੋਕਾਂ ਸਿਰ ਵੱਡੀ ਅਲਾਮਤ ਹੈ ਜਦੋਂ ਨੌਜਵਾਨਾਂ ਨੂੰ ਰੁਜਗਾਰ ਜਾਂ ਰੌਸ਼ਨ ਭਵਿੱਖ ਦੀ ਕਿਰਨ ਕਿਧਰੇ ਨਜਰ ਨਹੀਂ ਆਉਂਦੀ ਤਾਂ ਨੌਜਵਾਨ ਅਜਿਹੀਆਂ ਅਲਾਮਤਾਂ ਦੀ ਲਪੇਟ ਵਿੱਚ ਅਸਾਨੀ ਨਾਲ਼ ਆ ਜਾਂਦੇ ਹਨ। ਸ਼ੁਰੂ ਵਿੱਚ ਨਸ਼ਾ ਉਹਨਾਂ ਦੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਰਾਹਤ ਦਿੰਦਾ ਹੈ ਪਰ ਨਸ਼ਾ ਕਦੋਂ ਉਨ੍ਹਾਂ ਲਈ ਸਰਾਪ ਬਣ ਜਾਂਦਾ ਹੈ ਇਹ ਉਹਨਾਂ ਨੂੰ ਵੀ ਮਹਿਸੂਸ ਨਹੀਂ ਹੁੰਦਾ। ਨਸ਼ੇ ਦੀ ਤੋੜ ਨੂੰ ਪੂਰਾ ਕਰਨ ਲਈ ਨੌਜਵਾਨ ਚੋਰੀਆਂ ਡਕੈਤੀਆਂ ਕਰਨ ਦਾ ਰਾਹ ਤੱਕ ਲੱਭਦੇ ਹਨ ਇੱਥੋਂ ਤੱਕ ਕਿ ਉਹ ਆਪਣੇ ਹੀ ਘਰਾਂ ਦਾ ਸਮਾਨ ਵੀ ਵੇਚਣ ਲੱਗ ਪੈਂਦੇ ਹਨ। ਕਈ ਮਾਵਾਂ ਦੀਆਂ ਵੀਡੀਓ ਸਾਹਮਣੇ ਆਉਂਦੀਆਂ ਹਨ ਕਿ ਉਹਨਾਂ ਦੇ ਨੌਜਵਾਨ ਪੁੱਤ ਚਿੱਟਾ ਲਾਉਂਦੇ ਹਨ, ਉਹ ਨੌਜਵਾਨ ਜਿਨ੍ਹਾਂ ਨੇ ਮਾਂ ਪਿਓ ਲਈ ਸਹਾਰਾ ਬਣਨਾ ਹੁੰਦਾ ਹੈ ਉਹ ਆਪਣੇ ਮਾਂ ਪਿਓ ਸਿਰ ਬੋਝ ਬਣ ਜਾਂਦੇ ਹਨ। ਮਾਵਾਂ ਦੱਸਦੀਆਂ ਨੇ ਕਿ ਉਹ 500 ਰੁਪਏ ਦਿਹਾੜੀ 'ਤੇ ਕੰਮ ਕਰਕੇ ਕਮਾਉਂਦੀਆਂ ਹਨ ਜੋ ਕਿ ਘਰ ਦੇ ਗੁਜਾਰੇ ਲਈ ਨਾਕਾਫੀ ਹੈ ਪਰ ਉਸ ਵਿੱਚੋਂ ਵੀ ਉਹਨਾਂ ਦੇ ਨਸ਼ੇੜੀ ਪੁੱਤ ਨਸ਼ੇ ਲਈ ਪੈਸੇ ਮੰਗਦੇ ਹਨ। ਨਸ਼ਾ ਸਿਰਫ ਉਸਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਜੋ ਇਸਦੀ ਵਰਤੋਂ ਕਰਦਾ ਹੈ ਸਗੋਂ ਨਸ਼ਾ ਉਸਦੇ ਪਰਿਵਾਰ ਅਤੇ ਕੁੱਲ ਸਮਾਜ ਦੀ ਦਸ਼ਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਨਸ਼ੇ 'ਚ ਧੁੱਤ ਲੋਕ ਸੜਕਾਂ 'ਤੇ ਕਿਨਾਰੇ ਬੇਸੁੱਧ ਡਿੱਗੇ ਆਮ ਹੀ ਮਿਲ਼ ਜਾਂਦੇ ਹਨ। ਉਹਨਾਂ ਨੂੰ ਵੇਖ ਕੇ ਕਿਸੇ ਵੀ ਸੰਵੇਦਨਸ਼ੀਲ ਮਨੁੱਖ ਨੂੰ ਅਹਿਸਾਸ ਹੁੰਦਾ ਹੈ ਕਿ ਆਖਰ ਸਮਾਜ ਨੂੰ ਕਿਹੜੇ ਰਾਹ 'ਤੇ ਤੋਰਿਆ ਜਾ ਰਿਹਾ ਹੈ। ਨਸੇ ਦੀ ਓਵਰਡੋਜ਼ ਕਾਰਨ ਮੌਤਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸਾਲ 2022 ਵਿੱਚ 1200 ਤੋਂ ਵੱਧ ਮੌਤਾਂ ਨਸ਼ਿਆਂ ਕਾਰਨ ਦਰਜ ਕੀਤੀਆਂ ਗਈਆਂ। ਸਾਲ 2023 ਤੱਕ ਇਹ ਅੰਕੜਾ 1500 ਤੱਕ ਪਹੁੰਚ ਗਿਆ। ਇਹ ਅੰਕੜਾ ਸਿਰਫ ਰਿਕਾਰਡ ਅੰਕੜਾ ਹੈ ਤੇ ਵੱਡੀ ਗਿਣਤੀ ਅੰਕੜਾ ਕਿਸੇ ਗਿਣਤੀ ਮਿਣਤੀ ਵਿੱਚ ਕਿਸੇ ਰਿਕਾਰਡ ਵਿੱਚ ਨਹੀਂ ਆਉਂਦਾ। ਪੰਜਾਬ ਵਿੱਚ ਜਿਆਦਾਤਰ ਮੌਤਾਂ ਹੈਰੋਇਨ ਏਂਟਨਾਈਲ ਅਤੇ ਟੀਕਿਆਂ ਵਾਲ਼ੇ ਨਸ਼ਿਆਂ ਦੇ ਓਵਰਡੋਜ਼ ਕਾਰਨ ਹੁੰਦੀਆਂ ਹਨ।

**ਇਸ ਹਾਲਤ ਦਾ ਜ਼ਿੰਮੇਵਾਰ ਕੌਣ ਹੈ?**

ਨਸ਼ਿਆਂ ਕਾਰਨ ਪੰਜਾਬ ਜਾਂ ਸੰਸਾਰ ਦੀ ਹਾਲਤ ਤੋਂ ਤਾਂ ਅਸੀਂ ਸਾਰੇ ਹੀ ਜਾਣੂ ਹਾਂ ਪਰ ਸਵਾਲ ਇਹ ਹੈ ਕਿ ਇਸ ਹਾਲਤ ਦਾ ਅਸਲ ਜ਼ਿੰਮੇਵਾਰ ਕੌਣ ਹੈ? ਇਸ ਹਾਲਤ ਦਾ ਅਸਲ ਜ਼ਿੰਮੇਵਾਰ ਲੁੱਟ ਅਧਾਰਿਤ ਸਰਮਾਏਦਾਰਾਂ ਢਾਂਚਾ ਹੈ ਜਿੱਥੇ ਇਨਸਾਨ ਦੀ ਜ਼ਿੰਦਗੀ ਨੂੰ ਅਣਗੌਲਿਆ ਕਰਕੇ ਸਿਰਫ ਤੇ ਸਿਰਫ ਮੁਨਾਫੇ 'ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਸ ਢਾਂਚੇ ਦੀ ਮਾਲਕ ਜਮਾਤ ਨੂੰ ਜਿੱਥੋਂ ਵੱਧ ਮੁਨਾਫਾ ਹੋਵੇਗਾ ਉਸ ਲਈ ਇਹ ਕੁਝ ਵੀ ਕਰ ਸਕਦੀ ਹੈ ਫੇਰ ਓਹਦੇ ਲਈ ਭਾਵੇਂ ਨਸ਼ੇ ਵੇਚਕੇ ਲੋਕਾਂ ਦੀਆਂ ਜਾਨਾਂ ਨੂੰ ਹੀ ਦਾਅ ਉੱਤੇ ਕਿਉਂ ਨਾ ਲਾਉਣਾ ਪਵੇ। ਇਸ ਕਾਰੋਬਾਰ ਵਿੱਚ ਸਰਮਾਏਦਾਰ, ਸਿਆਸਤਦਾਨ, ਅਧਿਕਾਰੀ ਤੇ ਹਾਕਮ ਜਮਾਤ ਦੇ ਹੋਰ ਥੰਮ ਵੀ ਸ਼ਾਮਿਲ ਹਨ। ਦੂਜਾ ਅਜਿਹੀਆਂ ਅਲਾਮਤਾਂ ਵਿੱਚ ਨੌਜਵਾਨੀ ਨੂੰ ਉਲਝਾ ਕੇ ਮਾਲਕ ਜਮਾਤ ਬੇਰੁਜਗਾਰੀ, ਮਹਿੰਗਾਈ, ਭੁੱਖਮਰੀ, ਗਰੀਬੀ ਵਰਗੇ ਭਖਦੇ ਮਸਲਿਆਂ ਨੂੰ ਦਬਾਉਣਾ ਚਾਹੁੰਦੀ ਹੁੰਦੀ ਹੈ। ਨਸ਼ਿਆਂ ਦੇ ਵਪਾਰ ਨੂੰ ਪ੍ਰਫੁੱਲਿਤ ਕਰਨ ਦੇ ਇਹ ਮੁੱਖ ਕਾਰਨ ਹਨ। ਪੰਜਾਬ ਵਿੱਚ ਨਸ਼ਿਆਂ ਦਾ ਸਲਾਨਾ ਕਾਰੋਬਾਰ 6000 ਕਰੋੜ ਤੋਂ 7500 ਕਰੋੜ ਦਾ ਹੈ। ਭਾਰਤ ਵਿੱਚ ਨਸ਼ਿਆਂ ਦਾ ਕਾਰੋਬਾਰ 40 ਹਜਾਰ ਕਰੋੜ ਤੋਂ 80 ਹਜਾਰ ਕਰੋੜ ਦਾ ਹੈ। ਉਹ ਵੋਟ ਪਾਰਟੀਆਂ ਜਿਹੜੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਖੁਦ ਨਸ਼ਾ ਵੰਡਦੀਆਂ ਹਨ ਤੇ ਲੋਕਾਂ ਨਾਲ਼ ਇਹ ਝੂਠਾ ਦਾਅਵਾ ਵੀ ਕਰਦੀਆਂ ਹਨ ਕਿ ਅਸੀਂ ਸੱਤਾ 'ਚ ਆਉਣ ਤੋਂ ਬਾਅਦ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨ ਲਈ ਯਤਨ ਕਰਾਂਗੇ। ਫਿਰ ਬਾਅਦ ਵਿੱਚ ਸਰਮਾਏਦਾਰਾਂ ਦੇ ਪੱਖ ਪੂਰਨ ਵਾਲ਼ੀਆਂ ਇਹਨਾਂ ਸਿਆਸੀ ਪਾਰਟੀਆਂ ਦੁਆਰਾ ਇਹ ਕੁਤਰਕ ਕੀਤੇ ਜਾਂਦੇ ਹਨ ਕਿ ਅਸੀਂ ਨਸ਼ੇ ਦੇ ਗੈਰ ਕਨੂੰਨੀ ਕਾਰੋਬਾਰੀਆਂ ਨੂੰ ਫੜਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ ਪਰ ਸ਼ਰਾਬ ਦੇ ਠੇਕੇ ਸ਼ਰ੍ਹੇਆਮ ਹੀ ਹਰੇਕ ਪਿੰਡ ਹਰ ਸ਼ਹਿਰ ਵਿੱਚ ਖੁੱਲੇ ਹੋਏ ਮਿਲ ਜਾਂਦੇ ਹਨ ਉਹ ਜਹਿਰੀਲੀ ਸ਼ਰਾਬ ਜਿਹੜੀ ਲੋਕਾਂ ਦੀ ਮੌਤ ਦਾ ਕਾਰਨ ਬਣਦੀ ਹੈ ਜਿਸ ਉੱਪਰ ਸਾਫ ਲਿਖਿਆ ਹੁੰਦਾ ਹੈ ਕਿ ਇਹ ਸਿਹਤ ਲਈ ਘਾਨੀਕਾਰਕ ਹੈ ਉਸ ਉੱਪਰ ਕੋਈ ਰੋਕ ਨਹੀਂ ਲਗਾਈ ਜਾਂਦੀ? ਜਿਆਦਾਤਰ ਨਸ਼ਿਆਂ ਦੀ ਪੈਦਾਵਾਰ ਭਾਰਤ ਤੋਂ ਬਾਹਰ ਹੁੰਦੀ ਹੈ ਜਿਹੜਾ ਸਰਹੱਦਾਂ ਤੋਂ ਪਾਰ ਇੱਥੇ ਲਿਆਇਆ ਜਾਂਦਾ ਹੈ ਤਾਂ ਕੀ ਉਹਨਾਂ ਸਰਹੱਦਾਂ 'ਤੇ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨਸ਼ਾ ਇਥੇ ਆ ਜਾਂਦਾ? ਨਹੀਂ ਅਜਿਹਾ ਬਿਲਕੁਲ ਵੀ ਨਹੀਂ ਹੈ ਸਿਆਸੀ ਪਾਰਟੀਆਂ ਦੇ ਨਸ਼ਾ ਤਸਕਰਾਂ ਨਾਲ਼ ਸਿੱਧੇ ਸਬੰਧ ਕਾਇਮ ਹੁੰਦੇ ਹਨ ਕਈ ਪੁਲਿਸ ਪ੍ਰਸ਼ਾਸਨ ਅਧਿਕਾਰੀਆਂ ਦਾ ਐਸ਼ੋ ਆਰਾਮ ਵੀ ਇਹਨਾਂ ਸਹਾਰੇ ਚਲਦਾ ਹੈ ਇਸੇ ਕਰਕੇ ਕਿਸੇ ਵੀ ਤਰ੍ਹਾਂ ਨਸ਼ਾ ਆਮ ਲੋਕਾਂ ਤੱਕ ਅਸਾਨੀ ਨਾਲ਼ ਪਹੁੰਚ ਜਾਂਦਾ ਹੈ।

ਹੁਣ ਜੋ ਮਜੀਠਾ ਪਿੰਡ ਦੇ ਵਿੱਚ ਹੋਇਆ ਉਹ ਸਭ ਦੇ ਸਾਹਮਣੇ ਹੈ ,ਅੰਮ੍ਰਿਤਸਰ ਦੇ ਮਜੀਠਾ ਹਲਕੇ ਵਿੱਚ ਜਹਿਰੀਲੀ ਸ਼ਰਾਬ ਪੀਣ ਨਾਲ਼ 21 ਜਣਿਆਂ ਦੀ ਮੌਤ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਮਾਰੇ ਜਾਣ ਵਾਲ਼ੇ ਸਾਰੇ ਭੱਠਾ ਮਜਦੂਰ ਸਨ। ਅਜਿਹੀ ਘਟਨਾ ਕੋਈ ਪਹਿਲੀ ਨਹੀਂ। ਪਿਛਲੇ ਤਿੰਨ ਸਾਲਾਂ ਵਿੱਚ ਹੀ ਇਹ ਤੀਜੀ ਵੱਡੀ ਘਟਨਾ ਹੈ। ਇਸ ਨੇ ਇੱਕ ਵਾਰ ਫੇਰ ਸਰਕਾਰ ਦੀ ਨਸ਼ਿਆਂ ਖਿਲਾਫ ਅਖੌਤੀ ਮੁਹਿੰਮ ਦੀ ਪੋਲ ਖੋਲ੍ਹਕੇ ਰੱਖ ਦਿੱਤੀ ਹੈ। ਇਸ ਵਾਕੇ ਤੋਂ ਬਾਅਦ ਹਮੇਸ਼ਾ ਵਾਂਗੂੰ ਸਰਕਾਰ ਨੇ ਕੁਝ ਕੁ ਲੋਕਾਂ ਦੀ ਗ੍ਰਿਫਤਾਰੀ ਤੇ ਕੁਝ ਕੁ ਦੀ ਬਰਖਾਸਤਗੀ ਕਰਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਨਸ਼ਿਆਂ ਖਿਲਾਫ ਸਖਤ ਹੈ ਪਰ ਅਸਲ ਵਿੱਚ ਇਹ ਸਭ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਲ਼ਾ ਕਦਮ ਹੀ ਹੈ। ਜਿਵੇਂ ਪਿਛਲੀਆਂ ਘਟਨਾਵਾਂ ਤੋਂ ਬਾਅਦ ਵੀ ਸਭ ਕੁਝ ਉਵੇਂ ਹੀ ਚਲਦਾ ਰਿਹਾ, ਹੁਣ ਵੀ ਓਦਾਂ ਹੀ ਹੋਵੇਗਾ।

ਅਜਿਹੇ ਹਾਦਸਿਆਂ ਦਾ ਸ਼ਿਕਾਰ ਆਮ ਤੌਰ ਉੱਤੇ ਗਰੀਬ ਆਬਾਦੀ ਹੀ ਹੁੰਦੀ ਹੈ। ਅਜਿਹੀ ਸਸਤੀ ਸ਼ਰਾਬ ਨੂੰ ਆਮ ਕਰਕੇ ਮਜਦੂਰ ਹੀ ਖਰੀਦਦੇ ਹਨ। ਦਿਨ ਭਰ ਦੀ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਥਕਾਵਟ ਅਤੇ ਤਣਾਅ ਤੋਂ "ਮੁਕਤ" ਹੋਣ ਲਈ ਕਿਰਤੀ ਆਬਾਦੀ ਅਜਿਹੇ ਨਸ਼ਿਆਂ ਵੱਲ ਜਾਂਦੀ ਹੈ। ਸਾਡੇ ਸਮਾਜ ਵਿੱਚ ਗਰੀਬ ਅਬਾਦੀ ਬਹੁਤਾ ਕਰਕੇ ਅਜਿਹੇ ਮਹੌਲ ਵਿੱਚ ਵੱਡੀ ਹੁੰਦੀ ਹੈ ਜਿੱਥੇ ਨਾ ਤਾਂ ਖੇਡਾਂ, ਨਾ ਲਾਇਬ੍ਰੇਰੀ, ਨਾ ਕੋਈ ਚੰਗੀ ਕਲਾ ਜਾਣੀ ਕੁਝ ਵੀ ਉਸਾਰੂ ਚੀਜ ਉਹਨਾਂ ਨੂੰ ਨਹੀਂ ਮਿਲ਼ਦੀ। ਇਸ ਬੁਨਿਆਦੀ ਸਮੱਸਿਆ ਦਾ ਕੋਈ ਹੱਲ ਕਰਨ ਦੀ ਥਾਂ ਗਰੀਬਾਂ ਦੀ ਗਰੀਬੀ ਤੇ ਨਸ਼ਾਖੋਰੀ ਵਿੱਚੋਂ ਵੀ ਆਪਣੇ ਲਈ ਮੁਨਾਫਾ ਲੱਭਦਾ ਹੈ। ਇਸ ਅਲਾਮਤ ਦਾ ਪੱਕਾ ਹੱਲ ਸਿਰਫ ਅਜਿਹਾ ਸਮਾਜ ਸਿਰਜਕੇ ਹੀ ਹੋ ਸਕਦਾ ਹੈ ਜਿੱਥੇ ਮਜਦੂਰਾਂ ਉੱਪਰ ਕੰਮ ਦਾ ਬੋਝ ਘਟੇ, ਉਹਨਾਂ ਦਾ ਜੀਵਨ ਪੱਧਰ ਉੱਚਾ ਹੋਵੇ, ਉਹਨਾਂ ਕੋਲ਼ ਵਿਹਲ ਹੋਵੇ ਤੇ ਵਿਹਲ ਨੂੰ ਉਸਾਰੂ ਕੰਮਾਂ ਵਿੱਚ ਲਾਉਣ ਦੇ ਸਾਧਨ ਹੋਣ। ਅਜੋਕੀਆਂ ਸਰਕਾਰਾਂ ਤੋਂ ਅਜਿਹਾ ਸਮਾਜ ਬਣਾਉਣ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ।

**ਬੁਲਡੋਜਰ ਕਾਰਵਾਈਆਂ ਦੇ ਮਾਇਨੇ?**

ਪੰਜਾਬ ਵਿੱਚ ਭਗਵੰਤ ਮਾਨ ਦੀ ਸਰਕਾਰ ਨੇ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੇ ਨਾਮ 'ਤੇ ਕਈ ਆਮ ਪਰਿਵਾਰਾਂ ਦੇ ਘਰਾਂ ਨੂੰ ਬੁਲਡੋਜਰ ਨਾਲ਼ ਢਾਇਆ ਜੋ ਹੇਠਲੇ ਪੱਧਰ 'ਤੇ ਨਸ਼ਾ ਵੇਚਣ ਦਾ ਕੰਮ ਕਰਦੇ ਸਨ। ਅਜਿਹੇ ਲੋਕ, ਜੇਕਰ ਉਹ ਦੋਸ਼ੀ ਸਨ ਤਾਂ ਉਹਨਾਂ ਉੱਪਰ ਕਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪਰ ਇਹਨਾਂ ਤੋਂ ਪਹਿਲਾਂ ਕਾਰਵਾਈ ਉਹਨਾਂ ਉੱਪਰ ਬਣਦੀ ਹੈ ਜੋ ਇਸ ਅਲਾਮਤ ਦੀ ਮੁੱਖ ਕੜੀ ਹਨ। ਜਿਹੜੇ ਨਸ਼ਿਆਂ ਦੀ ਪੈਦਾਵਾਰ ਦਾ ਮੁੱਖ ਹਿੱਸਾ ਹਨ। ਵੱਡੇ ਵੱਡੇ ਸਿਆਸੀ ਆਗੂ ਜਿਨ੍ਹਾਂ ਦਾ ਨਸ਼ੇ ਦੇ ਵਪਾਰ ਵਿੱਚ ਨਾਮ ਜੱਗ ਜਾਹਰ ਰਿਹਾ ਹੈ ਉਹਨਾਂ ਦੇ ਘਰ ਉੱਪਰ ਤਾਂ ਕੋਈ ਬੁਲਡੋਜਰ ਨਹੀਂ ਚਲਾਇਆ ਗਿਆ ਤੇ ਨਾ ਹੀ ਕੋਈ ਕਨੂੰਨੀ ਕਾਰਵਾਈ ਕੀਤੀ ਗਈ। ਇੱਥੇ ਸਰਕਾਰ ਦਾ ਕਹਿਣਾ ਹੈ ਕਿ ਜੇ ਅਸੀਂ ਸਪਲਾਈ 'ਤੇ ਰੋਕ ਲਗਾ ਦਿੱਤੀ ਤਾਂ ਲੋਕ ਨਸ਼ਾ ਨਾ ਮਿਲ਼ਣ ਕਰਕੇ ਮਰ ਜਾਣਗੇ ,ਇਹਨਾਂ ਬੁਲਡੋਜਰ ਕਾਰਵਾਈਆਂ ਜਰੀਏ ਸਰਕਾਰ ਲੋਕਾਂ ਉੱਪਰ ਆਪਣਾ ਦਬਾਅ ਬਣਾਉਣਾ ਚਾਹੁੰਦੀ ਹੈ ਤੇ ਲੋਕਾਂ ਨੂੰ ਭਰਮਾਉਣਾ ਚਾਹੁੰਦੀ ਹੈ ਕਿ ਦੇਖੋ ਅਸੀਂ ਨਸ਼ੇ ਨੂੰ ਖਤਮ ਕਰਨ ਲਈ ਕਦਮ ਚੁੱਕ ਰਹੇ ਹਾਂ। ਪਰ ਦੂਜੇ ਹੀ ਹੱਥ ਸਰਕਾਰ ਵੱਡੇ ਨਸ਼ਾ ਤਸਕਰਾਂ ਨੂੰ ਵੀ ਬਚਾਉਣ ਦਾ ਕੰਮ ਕਰਦੀ ਹੈ। ਲੋਕਾਂ ਦੇ ਵਧਦੇ ਰੋਹ ਨੂੰ ਠੱਲ ਪਾਉਣ ਲਈ ਵੀ ਸਿਆਸੀ ਪਾਰਟੀਆਂ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦਿੰਦੀਆਂ ਹਨ।

ਲੋਕਾਂ ਦੀ ਖੁਸ਼ਹਾਲ ਜਿੰਦਗੀ ਦਾ ਸੁਪਨਾ ਇਹ ਸਰਮਾਏਦਾਰਾ ਪੱਖੀ ਸਿਆਸੀ ਪਾਰਟੀਆਂ ਪਿਛਲੇ 77 ਸਾਲਾਂ ਤੋਂ ਵਿਖਾ ਰਹੀਆਂ ਨੇ ਪਰ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਿਆਸੀ ਪਾਰਟੀਆਂ ਲੋਕਾਂ ਨਾਲ਼ ਸਿਰਫ ਧ੍ਰੋਹ ਕਮਾਉਂਦੀਆਂ ਹਨ ਲੋਕਾਂ ਦੀ ਭਲਾਈ ਲੁੱਟ ਰਹਿਤ ਸਮਾਜਵਾਦੀ ਸਮਾਜ ਵਿੱਚ ਹੀ ਹੋ ਸਕਦੀ ਹੈ ਜਿਹੜਾ ਲੋਕਾਂ ਦੀ ਜਥੇਬੰਦਕ ਤਾਕਤ ਦੇ ਦਮ 'ਤੇ ਸਿਰਜਿਆ ਜਾਵੇਗਾ। ਇਸੇ ਲਈ ਜਰੂਰਤ ਹੈ ਕਿ ਆਪਾਂ ਇਸ ਸਮਾਜਿਕ ਆਰਥਿਕ ਗੈਰ ਬਰਾਬਰੀ ਦੀ ਜੜ ਪੁੱਟਣ ਲਈ ਇਕਜੁੱਟ ਹੋਈਏ ਜੋ ਨਸ਼ਾ, ਬੇਰੁਜਗਾਰੀ, ਭੁੱਖਮਰੀ, ਗਰੀਬੀ ਜਹੀਆਂ ਅਲਾਮਤਾਂ ਦਾ ਅਸਲ ਕਾਰਨ ਹੈ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜ ਕਰਤਾ, ਧੂਰਕੋਟ ਮੋਗਾ 8847227740

## ਮਿੰਨੀ ਕਹਾਣੀ

# ਜੰਗ



ਗੁਰਤੇਜ ਸਿੰਘ ਖੁਡਾਲ

ਸ਼ਾਮ ਹੁੰਦਿਆਂ ਹੀ ਖ਼ਤਰੇ ਦੇ ਹੂਟਰਾਂ ਦੀਆਂ ਦਿਲ ਚੀਰਵੀਆਂ ਆਵਾਜ਼ਾਂ, ਬੱਤੀਆਂ ਬੰਦ ਕਰਨ ਦੇ ਦਿੱਤੇ ਜਾ ਰਹੇ ਹੋਕੇ ਸੁਣ ਕੇ ਕਰਤਾਰ ਕੌਰ ਅੰਦਰੋ ਅੰਦਰੀ ਰੱਬ ਅੱਗੇ ਦੁਆਵਾਂ ਕਰ ਰਹੀ ਸੀ, ''ਹੇ ਰੱਬਾ ਮਿਹਰ ਕਰੀਂ, ਸੁੱਖ ਸ਼ਾਂਤੀ ਰੱਖੀਂ, ਸਾਡੇ ਮੁਲਕ ਦੀ ਕਿਸੇ ਵੀ ਮੁਲਕ ਨਾਲ ਜੰਗ ਨਾ ਲੱਗੇ।'' ਕਰਤਾਰ ਕੌਰ ਦੇ ਪੋਤਿਆਂ, ਪੜਪੋਤਿਆਂ ਨੇ ਕਿਹਾ, ''ਦਾਦੀ ਮਾਂ, ਤੁਸੀਂ ਤਾਂ ਸੌ ਸਾਲ ਦੇ ਹੋ ਗਏ ਹੋ, ਸਾਰੀ ਉਮਰ ਭੋਗ ਲਈ ਹੈ, ਤੁਸੀਂ ਜੰਗ ਤੋਂ ਏਨਾ ਕਿਉਂ ਡਰਦੇ ਹੋ?''

''ਪੁੱਤਰੋ, ਮੈਨੂੰ ਜੰਗ ਦਾ ਡਰ ਨਹੀਂ। ਦਰਅਸਲ, ਇਨ੍ਹਾਂ ਜੰਗਾਂ ਵਿੱਚ ਆਮ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ। ਬਹੁਤ ਸਾਰੇ ਬੇਕਸੂਰ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ! ਪੁੱਤ, ਮੈਂ ਸੰਨ ਸੰਤਾਲੀ ਦੀ ਭਰਾ ਮਾਰੂ ਜੰਗ ਦਾ ਸੇਕ ਆਪਣੇ 'ਤੇ ਹੰਢਾ ਚੁੱਕੀ ਹਾਂ। ਮੈਂ ਆਪਣਾ ਪਿਉ, ਭਰਾ ਅਤੇ ਪਰਿਵਾਰ ਦੇ ਕਈ ਮੈਂਬਰ ਉਸ ਅੰਨ੍ਹੀ ਹਿੰਸਾ ਵਿੱਚ ਗੁਆ ਚੁੱਕੀ ਹਾਂ। ਮੇਰੇ ਪਰਿਵਾਰ ਦੇ ਮੈਂਬਰਾਂ ਨੂੰ ਮੇਰੇ ਸਾਹਮਣੇ ਹੀ ਭੀੜ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਉਹ ਦਰਦਨਾਕ ਵਰਤਾਰਾ ਮੈਂ ਕਦੇ ਵੀ ਭੁੱਲ ਨਹੀਂ ਸਕਦੀ। ਉਹ ਦ੍ਰਿਸ਼ ਹਮੇਸ਼ਾ ਹੀ ਮੇਰੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ।'' ਇਹ ਕਹਿੰਦਿਆਂ ਹੀ ਕਰਤਾਰ ਕੌਰ ਦੀਆਂ ਅੱਖਾਂ ਵਿੱਚੋਂ ਆਪਮੁਹਾਰੇ ਹੀ ਅੱਥਰੂ ਵਹਿ ਤੁਰੇ।

''ਪੁੱਤਰੋ, ਮੇਰੇ ਵਰਗੇ ਹੋਰ ਪਤਾ ਨਹੀਂ ਕਿੰਨੇ ਲੋਕ ਭਰਾ ਮਾਰੂ ਜੰਗਾਂ ਦਾ ਦਰਦ ਆਪਣੇ ਸੀਨੇ ਵਿੱਚ ਸਮੋਈ ਬੈਠੇ ਹਨ।'' ਦਾਦੀ ਮਾਂ ਕਰਤਾਰ ਕੌਰ ਦੇ ਇਹ ਬੋਲ ਸੁਣ ਕੇ ਸਾਰੇ ਚੁੱਪ ਹੋ ਗਏ। ਮਾਹੌਲ ਇਕਦਮ ਬਦਲ ਕੇ ਗ਼ਮਗੀਨ ਜਿਹਾ ਹੋ ਗਿਆ। ਸਾਰੇ ਹੀ ਆਪਣੀ ਦਾਦੀ ਮਾਂ ਨਾਲ ਰੱਬ ਅੱਗੇ ਦੁਆਵਾਂ ਕਰਨ ਲੱਗੇ, ''ਰੱਬਾ, ਕਦੇ ਵੀ ਕਿਸੇ ਦੇਸ਼ ਦੀ ਦੂਜੇ ਦੇਸ਼ ਨਾਲ ਜੰਗ ਨਾ ਲੱਗੇ।''

ਸੰਪਰਕ: 94641-29118

# ਡਰਾਉਣੀਆਂ ਖ਼ਬਰਾਂ ਦੀ ਭਰਮਾਰ




ਰਾਵਿੰਦਰ ਫਫੜੇ

ਦੋਵੇਂ ਗੁਆਂਢੀ ਦੇਸ਼ਾਂ ਵਿਚਕਾਰ ਜੰਗ ਸ਼ੁਰੂ ਹੋ ਗਈ। ਸ਼ੋਸਲ ਮੀਡੀਆ ਅਤੇ ਟੈਲੀਵਿਜ਼ਨ 'ਤੇ ਡਰਾਉਣੀਆਂ ਖ਼ਬਰਾਂ ਦੀ ਭਰਮਾਰ ਸੀ। ਡਰ ਦੇ ਮਾਹੌਲ ਤੋਂ ਧਿਆਨ ਹਟਾਉਣ ਲਈ ਮੈਂ ਕ੍ਰਿਕਟ ਦਾ ਮੈਚ ਲਗਾ ਲਿਆ। ਕੁਝ ਦੇਰ ਬਾਅਦ ਅਚਾਨਕ ਚਲਦਾ ਮੈਚ ਰੋਕ ਦਿੱਤਾ ਗਿਆ। ਪਹਿਲਾਂ ਤਾਂ ਲੱਗਿਆ ਕਿ ਮੀਂਹ ਆ ਗਿਆ ਹੋਵੇਗਾ, ਪਰ ਫਿਰ ਟੀ ਵੀ ਸਕ੍ਰੀਨ 'ਤੇ ਲਿਖ ਕੇ ਦੱਸਿਆ ਗਿਆ ਕਿ ਅਜਿਹਾ ਸੁਰੱਖਿਆ ਕਾਰਨਾਂ ਕਰਕੇ ਕੀਤਾ ਗਿਆ ਹੈ। ਮਨ ਹੋਰ ਬੇਚੈਨ ਹੋ ਗਿਆ।

ਏਨੇ ਵਿੱਚ ਬਿਜਲੀ ਚਲੀ ਗਈ। ਟੀਵੀ ਦੀ ਆਵਾਜ਼ ਬੰਦ ਹੋਣ ਕਾਰਨ ਗੁਰਦੁਆਰਾ ਸਾਹਿਬ ਤੋਂ ਦਿੱਤੀ ਜਾ ਰਹੀ ਸੂਚਨਾ ਕੰਨੀ ਪਈ, ''...ਪ੍ਰਸ਼ਾਸਨ ਨੇ ਬਲੈਕ ਆਊਟ ਦਾ ਐਲਾਨ ਕਰ ਦਿੱਤਾ ਹੈ ਭਾਈ, ਸਾਰੀਆਂ ਲਾਈਟਾਂ ਬੰਦ ਰੱਖੋ ਅਤੇ ਆਪਣੇ ਮੋਬਾਈਲ ਦੀ ਵਰਤੋਂ ਤੋਂ ਵੀ ਗੁਰੇਜ਼ ਕਰੋ... ਭਾਈ ਇਹ ਸੂਚਨਾ ਪ੍ਰਸ਼ਾਸਨ ਵੱਲੋਂ ਆਪਣੇ ਭਲੇ ਲਈ ਭੇਜੀ ਗਈ ਹੈ...।'' ਪਲਾਂ 'ਚ ਚਾਰੇ ਪਾਸੇ ਸੁੰਨ ਪਸਰ ਗਈ।

ਫਿਰ ਕਿਤੇ ਨੇੜਿਓਂ ਹੀ ਜ਼ਬਰਦਸਤ ਧਮਾਕੇ ਦੀ ਆਵਾਜ਼ ਸੁਣਾਈ ਦਿੱਤੀ ਜਿਵੇਂ ਕੋਈ ਬੰਬ ਫਟਿਆ ਹੋਵੇ। ਡਰ ਦੇ ਮਾਰੇ ਸਾਰੇ ਮੁਹੱਲੇ ਵਾਲੇ ਗਲੀ ਵਿੱਚ ਇਕੱਠੇ ਹੋ ਗਏ। ਬੰਦੇ-ਔਰਤਾਂ ਬਹੁਤ ਧੀਮੀ ਆਵਾਜ਼ ਵਿੱਚ ਆਪਸ ਗੱਲਾਂ ਕਰ ਰਹੇ ਸਨ। ਬੱਚੇ ਸ਼ਰਾਰਤਾਂ ਤੋਂ ਹਟ ਕੇ ਚੁੱਪ-ਚਾਪ ਆਪਣੇ ਮਾਪਿਆਂ ਕੋਲ ਖੜ੍ਹੇ ਸਨ। ਮੈਂ ਤੇ ਮੇਰਾ ਗੁਆਂਢੀ ਇੱਕ ਪਾਸੇ ਖੜ੍ਹ ਆਪਸ ਵਿੱਚ ਗੱਲਾਂ ਕਰ ਰਹੇ ਸਾਂ। ਮੇਰਾ ਗੁਆਂਢੀ ਕੁਝ ਚਿੰਤਾ ਜ਼ਾਹਿਰ ਕਰਦਿਆਂ ਬੋਲਿਆ, ''ਯਾਰ, ਸਾਡਾ ਤਾਂ ਗੈਸ ਸਿਲੰਡਰ ਵੀ ਖ਼ਤਮ ਹੋਣ ਵਾਲਾ ਹੈ। ਜੇ ਮਾਹੌਲ ਇਸੇ ਤਰ੍ਹਾਂ ਦਾ ਰਿਹਾ ਤਾਂ ਪਤਾ ਨਹੀਂ ਗੈਸ ਏਜੰਸੀ ਵਾਲੇ ਸਿਲੰਡਰ ਦੇਣ ਹੀ ਨਾ ਆਉਣ!'' ਮੈਂ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ, ''ਕੋਈ ਗੱਲ ਨ੍ਹੀਂ, ਸਾਡੇ ਘਰ ਦੋ ਸਿਲੰਡਰ ਭਰੇ ਹੋਏ ਹਨ। ਜੇਕਰ ਲੋੜ ਪਈ ਤਾਂ ਸਾਡੇ ਤੋਂ ਲੈ ਲੈਣਾ... ਆਂਢ-ਗੁਆਂਢ ਦਾ ਕੀ ਫ਼ਾਇਦਾ ਹੋਇਆ...!'' ਕੋਲ ਸਹਿਮਿਆ ਖੜ੍ਹਾ ਮੇਰਾ ਦਸ ਸਾਲ ਦਾ ਪੁੱਤਰ ਜੋ ਚੁੱਪਚਾਪ ਸਾਡੀਆਂ ਗੱਲਾਂ ਸੁਣ ਰਿਹਾ ਸੀ, ਬੋਲਿਆ, ''ਪਾਪਾ! ਪਾਕਿਸਤਾਨ ਅਤੇ ਭਾਰਤ ਵੀ ਗੁਆਂਢੀ ਹੀ ਹਨ। ਫਿਰ ਇਹ ਆਪਸ ਵਿੱਚ ਕਿਉਂ ਲੜਦੇ ਹਨ?'' ਮਾਸੂਮ ਬੱਚੇ ਦੇ ਗੰਭੀਰ ਸਵਾਲ ਦਾ ਸਾਡੇ ਦੋਵਾਂ ਕੋਲ ਕੋਈ ਜਵਾਬ ਨਹੀਂ ਸੀ।

ਸੰਪਰਕ: 98156-80980









# ਮਿੱਟੀ ਨਾਲ ਜੁੜਿਆ ਰਣਜੀਤ ਬਾਵਾ

ਰਜਵਿੰਦਰ ਪਾਲ ਸ਼ਰਮਾ

ਆਪਣੀ ਸਾਫ਼ ਸੁਥਰੀ ਅਤੇ ਸੱਭਿਆਚਾਰਕ ਗਾਇਕੀ ਨਾਲ ਥੋੜ੍ਹੇ ਹੀ ਸਮੇਂ ਵਿੱਚ ਪੰਜਾਬੀਆਂ ਦੇ ਦਿਲ ਵਿੱਚ ਗਹਿਰੀ ਥਾਂ ਬਣਾਉਣ ਵਾਲਾ ਰਣਜੀਤ ਸਿੰਘ ਬਾਜਵਾ ਉਰਫ਼ ਰਣਜੀਤ ਬਾਵਾ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਉਸ ਦਾ ਜਨਮ 14 ਮਾਰਚ 1989 ਨੂੰ ਪਿੰਡ ਵਡਾਲਾ ਗ੍ਰੰਥੀਆਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਿਤਾ ਗੱਜਣ ਸਿੰਘ ਬਾਜਵਾ ਅਤੇ ਮਾਤਾ ਗੁਰਮੀਤ ਕੌਰ ਬਾਜਵਾ ਦੇ ਘਰ ਹੋਇਆ। ਰਣਜੀਤ ਬਾਵੇ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਸਕੂਲੀ ਪੜ੍ਹਾਈ ਦੌਰਾਨ ਹੀ ਉਸ ਨੂੰ ਸੰਗੀਤ ਦੀ ਗੁੜ੍ਹਤੀ ਮਿਲੀ ਜਿਸ ਵਿੱਚ ਉਸ ਦੇ ਸੰਗੀਤ ਅਧਿਆਪਕ ਮੰਗਲ ਸਿੰਘ ਦਾ ਬਹੁਤ ਵੱਡਾ ਯੋਗਦਾਨ ਰਿਹਾ। ਗੁਰੂ ਨਾਨਕ ਕਾਲਜ ਬਟਾਲਾ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਉਸ ਨੇ ਐੱਮਏ ਰਾਜਨੀਤੀ ਸ਼ਾਸਤਰ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਐੱਮਏ ਸੰਗੀਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਬਚਪਨ ਵਿੱਚ ਪੈਦਾ ਹੋਇਆ ਗੀਤ ਗਾਉਣ ਦਾ ਸ਼ੌਂਕ ਹੌਲੀ ਹੌਲੀ ਉਸ ਦਾ ਜਨੂੰਨ ਬਣ ਗਿਆ।

ਉਸ ਨੇ ਰਣਜੀਤ ਸਿੰਘ ਬਾਜਵਾ ਤੋਂ ਰਣਜੀਤ ਬਾਵਾ ਬਣਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਦੁਆਰਾ ਲੰਮੇ ਸਮੇਂ ਤੋਂ ਗਾਏ ਜਾ ਰਹੇ ਪਾਕਿਸਤਾਨੀ ਗੀਤ 'ਬੋਲ ਮਿੱਟੀ ਦਿਆ ਬਾਵਿਆ' ਨੇ ਉਸ ਨੂੰ ਇੰਨਾ ਮਕਬੂਲ ਕੀਤਾ ਕਿ ਸਰੋਤਿਆਂ ਨੇ ਆਪਣੇ ਪਿਆਰ ਦੇ ਨਾਲ ਨਾਲ ਰਣਜੀਤ ਸਿੰਘ ਬਾਜਵਾ ਨੂੰ ਇੱਕ ਨਵਾਂ ਨਾਮ ਰਣਜੀਤ ਬਾਵਾ ਵੀ ਦੇ ਦਿੱਤਾ।

ਉਸ ਦੀ ਪਹਿਲੀ ਐਲਬਮ 2015 ਵਿੱਚ 'ਮਿੱਟੀ ਦਾ ਬਾਵਾ' ਆਈ ਜਿਸ ਵਿੱਚ 'ਮਿੱਟੀ ਦਾ ਬਾਵਾ' ਦੇ ਨਾਲ ਨਾਲ 'ਬੋਟੀ ਬੋਟੀ', 'ਡਾਲਰ ਬਨਾਮ ਰੋਟੀ', 'ਬੰਦੂਕ', 'ਸਰਦਾਰ', 'ਜੱਟ ਦਾ ਡਰ' ਅਤੇ 'ਯਾਰੀ ਚੰਡੀਗੜ੍ਹ ਵਾਲੀਏ' ਵਰਗੇ ਸੁਪਰ ਹਿੱਟ ਗੀਤ ਸ਼ਾਮਿਲ ਸਨ। ਇਸ ਤੋਂ ਬਾਅਦ ਉਸ ਦੇ ਆਏ ਸਿੰਗਲ ਗੀਤ 'ਜੱਟ ਦੀ ਅਕਲ', 'ਜੀਨ', 'ਸਾਡੀ ਵਾਰੀ ਆਉਣ ਦੇ', 'ਜਿੰਦਾ ਸੁੱਖਾ', 'ਮੁੰਡਾ ਸਰਦਾਰਾ ਦਾ', 'ਨੈਰੋ ਸਲਵਾਰ' ਅਤੇ 'ਕਿੰਨੇ ਆਏ ਕਿੰਨੇ ਗਏ' ਸ਼ਾਮਿਲ ਹਨ।

ਗਾਇਕੀ ਵਿੱਚ ਲੋਹਾ ਮਨਵਾਉਣ ਵਾਲਾ ਰਣਜੀਤ ਬਾਵਾ ਅਦਾਕਾਰੀ ਵਿੱਚ ਵੀ ਪਿੱਛੇ ਨਹੀਂ ਰਿਹਾ। ਸ਼ਹੀਦ ਜੁਗਰਾਜ ਸਿੰਘ ਤੂਫਾਨ ਦੀ ਜ਼ਿੰਦਗੀ 'ਤੇ ਆਧਾਰਿਤ 2017 ਵਿੱਚ ਆਈ ਫਿਲਮ 'ਤੂਫ਼ਾਨ ਸਿੰਘ' ਤੋਂ ਇਲਾਵਾ 'ਵੇਖ ਬਰਾਤਾਂ ਚੱਲੀਆਂ', 'ਭਲਵਾਨ ਸਿੰਘ', 'ਖਿੱਦੋ ਖੂੰਡੀ', 'ਤਾਰਾ ਮੀਰਾ', 'ਮਿਸਟਰ ਐਂਡ ਮਿਸਿਜ਼ 420 ਰਿਟਰਨਜ਼' ਅਤੇ 'ਖਾਓ ਪੀਓ ਐਸ਼ ਕਰੋ' ਵਰਗੀਆਂ ਸੁਪਹਿੱਟ ਫਿਲਮਾਂ ਵੀ ਪੰਜਾਬੀ ਸਿਨੇਮਾ ਦੀ ਝੋਲੀ ਪਾਈਆਂ।

ਉਸ ਦੀ ਗਾਇਕੀ ਅਤੇ ਫਿਲਮਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਰਹੀਆਂ ਹਨ। ਆਪਣੀ ਗਾਇਕੀ ਅਤੇ ਅਦਾਕਾਰੀ ਰਾਹੀਂ ਉਸ ਨੇ ਹਮੇਸ਼ਾਂ ਸਮਾਜਿਕ ਬੁਰਾਈਆਂ 'ਤੇ ਚੋਟ ਕਰਕੇ ਇਕਜੁੱਟ ਹੋਣ ਦਾ ਹੋਕਾ ਦਿੱਤਾ ਹੈ। 'ਮਿਸਟਰ ਐਂਡ ਮਿਸਿਜ਼ 420 ਰਿਟਰਨਜ਼' ਵਿੱਚ ਉਹ ਆਪਣੀ ਅਦਾਕਾਰੀ ਨਾਲ ਨਸ਼ਿਆਂ ਦੀ ਦਲਦਲ ਵਿੱਚ ਫਸੇ ਲਾਡੀ ਦੇ ਕਿਰਦਾਰ ਰਾਹੀਂ ਸਮਾਜ ਨੂੰ ਇਹ ਸੰਦੇਸ਼ ਦੇਣ ਵਿੱਚ ਕਾਮਯਾਬ ਰਿਹਾ ਕਿ ਜੇਕਰ ਵਿਅਕਤੀ ਚਾਹੇ ਤਾਂ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਸਕਦਾ ਹੈ। ਸ਼ਾਲਾ! ਪੰਜਾਬੀ ਗਾਇਕੀ ਅਤੇ ਪੰਜਾਬੀ ਸਿਨੇਮਾ ਵਿੱਚ ਰਣਜੀਤ ਬਾਵਾ ਹੋਰ ਵੀ ਚਮਕੇ।

# ...ਤਾਂ ਇਸ ਕਾਰਨ ਦਿਲਜੀਤ ਦੋਸਾਂਝ ਨੇ ਛੱਡੀ 'No Entry 2'!





2005 ਵਿੱਚ ਬੋਨੀ ਕਪੂਰ ਦੁਆਰਾ ਬਣਾਈ ਗਈ ਸੁਪਰਹਿੱਟ ਕਾਮੇਡੀ ਫਿਲਮ 'ਨੋ ਐਂਟਰੀ' ਦੇ ਸੀਕਵਲ ਬਾਰੇ ਲੰਬੇ ਸਮੇਂ ਤੋਂ ਕਾਫ਼ੀ ਚਰਚਾ ਚੱਲ ਰਹੀ ਹੈ। ਫਿਲਮ ਦੀ ਸਟਾਰ ਕਾਸਟ ਨੂੰ ਵੀ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ। ਹਾਲਾਂਕਿ ਹੁਣ ਤਾਜ਼ਾ ਚਰਚਾ ਇਹ ਹੈ ਕਿ ਦਿਲਜੀਤ ਦੋਸਾਂਝ ਨੇ ਫਿਲਮ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ। ਹੁਣ ਉਹ ਫਿਲਮ ਦਾ ਹਿੱਸਾ ਨਹੀਂ ਹਨ। ਇਸ ਦੇ ਪਿੱਛੇ ਕ੍ਰਿਏਟਿਵ ਡਿਫਰੈਂਸ ਨੂੰ ਕਾਰਨ ਦੱਸਿਆ ਜਾ ਰਿਹਾ ਸੀ। ਪਰ ਹੁਣ ਨਿਰਮਾਤਾ ਬੋਨੀ ਕਪੂਰ ਨੇ ਇਸ ਮਾਮਲੇ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਸ ਪੂਰੇ ਮਾਮਲੇ ਵਿੱਚ ਸੱਚਾਈ ਕੀ ਹੈ।

ਨਿਰਮਾਤਾ ਬੋਨੀ ਕਪੂਰ ਨੇ ਦਿਲਜੀਤ ਦੇ ਕ੍ਰਿਏਟਿਵ ਡਿਫਰੈਂਸ ਕਾਰਨ ਫਿਲਮ ਛੱਡਣ ਦੀਆਂ ਅਫਵਾਹਾਂ 'ਤੇ ਪ੍ਰਤੀਕਿਰਿਆ ਦਿੱਤੀ ਹੈ ਅਤੇ ਸੱਚਾਈ ਦਾ ਖੁਲਾਸਾ ਕੀਤਾ ਹੈ। ਦਿਲਜੀਤ ਦੇ ਫਿਲਮ ਤੋਂ ਪਿੱਛੇ ਹਟਣ ਦੀ ਖ਼ਬਰ ਦੀ ਪੁਸ਼ਟੀ ਕਰਦੇ ਹੋਏ ਬੋਨੀ ਕਪੂਰ ਨੇ ਇਕ ਚੈਨਲ ਨੂੰ ਕਿਹਾ: ਹਾਂ ਕੁਝ ਤਾਰੀਖਾਂ ਨੂੰ ਲੈ ਕੇ ਸਮੱਸਿਆਵਾਂ ਹਨ। ਪਰ ਯਕੀਨੀ ਤੌਰ 'ਤੇ ਕੋਈ ਰਚਨਾਤਮਕ ਭੇਦਭਾਵ ਨਹੀਂ ਹਨ। ਇਹ ਬਿਲਕੁੱਲ ਗਲਤ ਹੈ। ਅਸੀਂ ਤਰੀਕਾਂ ਬਾਰੇ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਬੋਨੀ ਕਪੂਰ ਨੇ ਸਪੱਸ਼ਟ ਕੀਤਾ ਕਿ ਦਿਲਜੀਤ ਦੇ ਕੋਲ ਡੇਟ ਇਸ਼ੂ ਆ ਰਹੇ ਹਨ, ਨਾ ਕਿ ਕ੍ਰਿਏਟਿਵ ਭੇਦਭਾਵ ਹਨ।

### ਰਿਪੋਰਟਾਂ ਵਿੱਚ ਸੀ ਇੱਕ ਵੱਖਰਾ ਦਾਅਵਾ

ਇਸ ਤੋਂ ਪਹਿਲਾਂ ਇੱਕ ਫਿਲਮਫੇਅਰ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਦਿਲਜੀਤ ਦੋਸਾਂਝ ਨੇ 'ਨੋ ਐਂਟਰੀ 2' ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਹੈ। ਰਿਪੋਰਟਾਂ ਵਿੱਚ ਇਸ ਦੇ ਪਿੱਛੇ ਦਾ ਕਾਰਨ ਕ੍ਰਿਏਟਿਵ ਆਈਡੀਆ ਨੂੰ ਲੈ ਕੇ ਉਨ੍ਹਾਂ ਦੀ ਵੱਖਰੀ ਸੋਚ ਦੱਸਿਆ ਗਿਆ ਸੀ। ਇਸ ਲਈ ਰਚਨਾਤਮਕ ਮਤਭੇਦਾਂ ਦੇ ਕਾਰਨ ਉਨ੍ਹਾਂ ਨੇ ਫਿਲਮ ਛੱਡਣ ਦਾ ਫੈਸਲਾ ਕੀਤਾ ਹੈ। ਹੁਣ ਬੋਨੀ ਕਪੂਰ ਨੇ ਇਸ ਮਾਮਲੇ ਵਿੱਚ ਪੂਰੀ ਸੱਚਾਈ ਦੱਸੀ ਹੈ।

### ਅਰਜੁਨ ਕਪੂਰ ਅਤੇ ਵਰੁਣ ਧਵਨ ਮੁੱਖ ਭੂਮਿਕਾਵਾਂ ਨਿਭਾਉਣਗੇ

ਹਾਲਾਂਕਿ ਫਿਲਮ ਦੀ ਸਟਾਰ ਕਾਸਟ ਬਾਰੇ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ। ਪਰ ਇਸ ਫਿਲਮ ਵਿੱਚ ਦਿਲਜੀਤ ਦੋਸਾਂਝ ਦੇ ਨਾਲ ਵਰੁਣ ਧਵਨ ਅਤੇ ਅਰਜੁਨ ਕਪੂਰ ਦੇ ਹੋਣ ਦੀਆਂ ਚਰਚਾਵਾਂ ਹਨ। ਜਦੋਂ ਕਿ ਫਿਲਮ ਦੀ ਮਹਿਲਾ ਕਾਸਟ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ। ਹਾਂ, ਵਿਚਕਾਰ ਰਿਪੋਰਟਾਂ ਸਨ ਕਿ ਤਮੰਨਾ ਭਾਟੀਆ ਵੀ ਇਸ ਫਿਲਮ ਨਾਲ ਜੁੜੀ ਹੋਈ ਹੈ।

# ਮੀਲ ਦਾ ਪੱਥਰ ਸਾਬਿਤ ਹੋਵੇਗੀ ਫਿਲਮ 'ਡਾਕੂਆਂ ਦਾ ਮੁੰਡਾ 3': ਦੇਵ ਖਰੌੜ

ਪੰਜਾਬੀ ਫਿਲਮ 'ਡਾਕੂਆਂ ਦਾ ਮੁੰਡਾ 3' ਨੂੰ ਲੈ ਕੇ ਹਾਲ ਹੀ 'ਚ ਮੁੱਖ ਅਦਾਕਾਰ ਦੇਵ ਖਰੌੜ ਨੇ ਕੁਝ ਮਜ਼ੇਦਾਰ ਗੱਲਾਂ ਸਾਂਝੀਆਂ ਕੀਤੀਆਂ ਹਨ। ਦੇਵ ਨੇ ਕਿਹਾ ਕਿ 'ਡਾਕੂਆਂ ਦਾ ਮੁੰਡਾ 1' ਤੇ 'ਡਾਕੂਆਂ ਦਾ ਮੁੰਡਾ 2' ਆਪਣੇ ਆਪ 'ਚ ਮੀਲ ਦਾ ਪੱਥਰ ਹਨ ਤੇ ਮੈਨੂੰ ਲੱਗਦਾ ਹੈ ਕਿ 'ਡਾਕੂਆਂ ਦਾ ਮੁੰਡਾ 3' ਵੀ ਮੀਲ ਦਾ ਪੱਥਰ ਸਾਬਿਤ ਹੋਵੇਗੀ। ਲੋਕਾਂ ਨੂੰ ਇਸ ਫਿਲਮ ਦੀ ਸਿਰਫ ਲੋਕੇਸ਼ਨ ਨਹੀਂ, ਉਨ੍ਹਾਂ ਨੂੰ ਕਹਾਣੀ, ਜਜ਼ਬਾਤ ਤੇ ਹਰ ਕਲਾਕਾਰ ਦੀ ਪ੍ਰਫਾਰਮੈਂਸ ਬਹੁਤ ਪਸੰਦ ਆਉਣ ਵਾਲੀ ਹੈ।

ਦੇਵ ਨੇ ਇਹ ਵੀ ਕਿਹਾ ਕਿ ਜਿਵੇਂ-ਜਿਵੇਂ ਸਾਡੇ ਗਾਣੇ ਰਿਲੀਜ਼ ਹੋਣਗੇ, ਤੁਸੀਂ ਇਸ ਦਾ ਮਿਊਜ਼ਿਕ ਬਹੁਤ ਪਸੰਦ ਕਰੋਗੇ। ਸਿੱਧੂ ਦਾ 'ਡਾਲਰ' ਗੀਤ, ਜੋ ਪਹਿਲੀ ਫਿਲਮ ਨਾਲ ਜੁੜਿਆ ਸੀ, ਉਹ ਅਸੀਂ ਰੀਕ੍ਰਿਏਟ ਕੀਤਾ ਹੈ। ਜਦੋਂ ਇਹ ਗੀਤ ਮੁੜ ਚੱਲੇਗਾ ਤਾਂ ਲੋਕ ਖ਼ੂਬ ਆਨੰਦ ਮਾਣਨਗੇ।

ਟ੍ਰੇਲਰ ਬਾਰੇ ਗੱਲ ਕਰਦਿਆਂ ਦੇਵ ਕਹਿੰਦੇ ਹਨ ਕਿ ਤੁਸੀਂ ਸਿਰਫ ਟੀਜ਼ਰ ਦੇਖਿਆ ਹੈ, ਜਦੋਂ ਤੁਸੀਂ ਟ੍ਰੇਲਰ ਦੇਖੋਗੇ ਤਾਂ ਇਹ ਜ਼ਰੂਰ ਕਹੋਗੇ ਕਿ ਬਿਲਕੁੱਲ ਵੱਖਰਾ ਟ੍ਰੇਲਰ ਤੁਸੀਂ ਪੰਜਾਬੀ ਸਿਨੇਮਾ 'ਚ ਦੇਖਿਆ ਹੈ। ਅਸੀਂ ਦੋ ਤੋਂ ਢਾਈ ਸਾਲ ਇਸ ਫਿਲਮ ਦੀ ਸਕ੍ਰਿਪਟ 'ਤੇ ਮਿਹਨਤ ਕੀਤੀ ਹੈ। ਇਹ ਮੇਰੀ ਡ੍ਰੀਮ ਰਿਐਲਿਟੀ ਨਾਲ 8ਵੀਂ ਫ਼ਿਲਮ ਹੈ, ਜੋ ਮੇਰੇ ਲਈ ਵੱਡੀ ਗੱਲ ਹੈ।

ਅਦਾਕਾਰਾਂ ਬਾਰੇ ਬੋਲਦਿਆਂ ਦੇਵ ਨੇ ਕਿਹਾ ਕਿ ਕੁੜੀਆਂ ਨੇ ਬਹੁਤ ਸੋਹਣਾ ਕੰਮ ਕੀਤਾ ਹੈ। ਹਮੇਸ਼ਾ ਉਲਾਂਭਾ ਰਹਿੰਦਾ ਸੀ ਕਿ ਪੰਜਾਬੀ ਬੋਲਣ ਵਾਲੀਆਂ ਕੁੜੀਆਂ ਨੂੰ ਪੰਜਾਬੀ ਫਿਲਮਾਂ 'ਚ ਕੰਮ ਨਹੀਂ ਦਿੱਤਾ ਜਾਂਦਾ, ਤੁਸੀਂ ਮੁੰਬਈ ਤੋਂ ਉਨ੍ਹਾਂ ਨੂੰ ਬੁਲਾ ਲੈਂਦੇ ਹੋ। ਵਧੀਆ ਗੱਲ ਹੈ ਕਿ ਪੰਜਾਬੀ ਕੁੜੀਆਂ ਨੂੰ ਪੰਜਾਬ 'ਚ ਕੰਮ ਮਿਲਣਾ ਸ਼ੁਰੂ ਹੋ ਗਿਆ।

ਦੱਸ ਦੇਈਏ ਕਿ ਫਿਲਮ ਨੂੰ ਹੈਪੀ ਰੋਡੇ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਨਰਿੰਦਰ ਅੰਬਰਸਰੀਆ ਨੇ ਲਿਖੀ ਹੈ। ਫਿਲਮ ਰਵਨੀਤ ਕੌਰ ਚਾਹਲ, ਉਮੇਸ਼ ਕੁਮਾਰ ਬਾਂਸਲ ਤੇ ਰਾਜੇਸ਼ ਕੁਮਾਰ ਅਰੋੜਾ ਵੱਲੋਂ ਪ੍ਰੋਡਿਊਸ ਕੀਤੀ ਗਈ ਹੈ। ਫਿਲਮ ਜ਼ੀ ਸਟੂਡੀਓਜ਼ ਤੇ ਡ੍ਰੀਮ ਰਿਐਲਿਟੀ ਮੂਵੀਜ਼ ਦੀ ਸਾਂਝੀ ਪੇਸ਼ਕਸ਼ ਹੈ, ਜੋ ਦੁਨੀਆ ਭਰ 'ਚ ਇਹ ਫਿਲਮ 13 ਜੂਨ, 2025 ਨੂੰ ਰਿਲੀਜ਼ ਹੋਣ ਜਾ ਰਹੀ ਹੈ।




BUY I SELL I INVEST
TEAM GILL




Amarjit Sangha
Sales Representative
905-874-9600

Shamsher Gill
Sales Representative
905-744-4400

Simrat Grewal
Sales Representative
416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਨਿਰਭੈ ਯੋਧੇ ਸਨ ਗੁਰੂ ਅਰਜਨ ਦੇਵ ਜੀ



ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਨਾਂ ਲੈਂਦਿਆਂ ਹੀ ਇੱਕ ਸ਼ਾਂਤ ,ਨਾਮ ਵਿੱਚ ਰੱਤੀ ,ਨਿਮਰਤਾ ਅਤੇ ਪਰੇਮ ਵਿੱਚ ਗੜੁੱਚੀ,ਸੰਗੀਤਮਈ ਸ਼ਬਦਾਂ ਦੇ ਰਚਣ ਵਾਲੀ,ਨਿਮਰ ਅਤੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਵਾਲੀ ਗਹਿਰ ਗੰਭੀਰ ਰੂਹ ਤਸੱਵਰ ਵਿੱਚ ਆਉਂਦੀ ਹੈ। ਸ਼ਹਾਦਤ ਨੂੰ ਵੀ ਰੱਬ ਦੀ ਰਜਾ ਮੰਨਣ ਵਾਲੇ ਅਤੇ ਭਾਣਾ ਮਿੱਠਾ ਮੰਨਣ ਵਾਲੇ ਪੰਜਵੇਂ ਪਾਤਸਾਹ ਲਈ ਇਹ ਸਾਰਾ ਕੁਝ ਅੱਖਰ ਅੱਖਰ ਸੱਚ ਹੈ, ਪਰ ਉਹਨਾਂ ਦੀ ਨਿਰਭੈਤਾ,ਸੂਰਮਤਾਈ,ਬਹਾਦਰੀ,ਦ੍ਰਿੜ ਨਿਸ਼ਚੇ ਅਤੇ ਆਜਾਦੀ ਨਾਲ ਫੈਸਲਾ ਲੈਣ ਦੀ ਸਮਰੱਥਾ ਅਤੇ ਯੋਗਤਾ ਬਾਰੇ ਗੱਲ ਘੱਟ ਹੀ ਤੁਰੀ ਹੈ। ਉਹਨਾਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਅਸੀਂ ਅੱਜ ਉਹਨਾਂ ਅੰਦਰ ਬੈਠੇ ਯੋਧੇ ਦੇ ਦਰਸ਼ਨ ਕਰਨ ਦੀ ਕੋਸ਼ਿਸ਼ ਕਰਾਂਗੇ। ਕਿਸੇ ਵੀ ਵਿਅਕਤੀ ਦਾ ਕਿਰਦਾਰ ਉਸਦੇ ਜੀਵਨ ਦੀਆਂ ਘਟਨਾਵਾਂ ਵਿੱਚੋਂ ਅਤੇ ਵੱਖ ਵੱਖ ਹਾਲਤਾਂ ਅਤੇ ਘਟਨਾਵਾਂ ਤੇ ਉਸਦੇ ਪ੍ਰਤੀਕ੍ਰਮ ਅਤੇ ਪ੍ਰਤੀਕਿਰਿਆ ਤੋਂ ਪਤਾ ਲੱਗ ਸਕਦਾ ਹੈ। ਲੇਖਕ ਹੋਣ ਦੀ ਸੂਰਤ ਵਿੱਚ ਉਸਦੀ ਲਿਖਤ ,ਜੋ ਉਸਦੀ ਅੰਦਰਲੀ ਸੋਚ ਅਤੇ ਵਿਚਾਰਾਂ ਦਾ ਪ੍ਰਗਟਾਵਾ ਕਰਦੀ ਹੈ,ਉਹ ਵੀ ਉਸ ਵਿਅਕਤੀ ਬਾਰੇ ਸਾਨੂੰ ਕਾਫੀ ਜਾਣਕਾਰੀ ਦੇ ਜਾਂਦੀ ਹੈ। ਜਦੋਂ ਇਹ ਸ਼ਖਸ਼ੀਅਤ ਅਧਿਆਤਮਕ ਪੱਧਰ ਵਾਲੀ ਹੋਵੇ,ਤਾਂ ਉਸਦੀ ਲਿਖਤ ਹੋਰ ਵੀ ਮਹੱਤਵਪੂਰਨ ਹੋ ਜਾਂਦੀ ਹੈ,ਕਿਉਂਕਿ ਅਜਿਹੀ ਲਿਖਤ ਸਿਰਫ ਅਤੇ ਸਿਰਫ ਅੰਦਰਲੇ ਸੱਚ ਦਾ ਹੀ ਪ੍ਰਤੀਬਿੰਬ ਹੁੰਦੀ ਹੈ ।ਅਜਿਹੇ ਵਿਅਕਤੀ ਸਿਰਫ ਉਹ ਹੀ ਲਿਖਦੇ ਹਨ,ਜੋ ਉਹ ਅਸਲੀ ਜੀਵਨ ਵਿੱਚ ਜਿਉਂਦੇ ਹਨ। ਮਾਤਰ ਕਲਪਨਾ ਉਸ ਲਿਖਤ ਵਿੱਚ ਨਹੀਂ ਹੁੰਦੀ। ਇਸ ਲਈ ਗੁਰੂ ਅਰਜਨ ਦੇਵ ਜੀ ਅੰਦਰਲੇ ਯੋਧੇ ਨੂੰ ਅਸੀਂ ਉਹਨਾਂ ਦੇ ਜੀਵਨ ਵਿੱਚੋਂ ਤਾਂ ਦੇਖਾਂਗੇ ਹੀ,ਉਹਨਾਂ ਦੀ ਬਾਣੀ ਵਿੱਚੋਂ ਵੀ ਇਸ ਦੀਆਂ ਝਲਕਾਂ ਲੱਭਾਂਗੇ।

ਜੀਵਨ ਵਿੱਚੋਂ ਦ੍ਰਿਸ਼ਟਾਂਤ:- ਗੁਰੂ ਅਰਜਨ ਦੇਵ ਜੀ ਦੇ ਜੀਵਨ ਦੀਆਂ ਉਹ ਕਾਤਰਾਂ ਹੀ ਇੱਥੇ ਪੇਸ਼ ਕਰਾਂਗੇ,ਜੋ ਉਹਨਾਂ ਨੂੰ ਸੂਰਮਾ ਅਤੇ ਬਹਾਦਰ ਸਿੱਧ ਕਰਨ। ਸੂਰਮਾ ਜਾਂ ਯੋਧਾ ਸਿਰਫ ਉਹ ਹੀ ਨਹੀਂ ਹੁੰਦਾ ਜਿਹੜਾ ਜੰਗ ਦੇ ਮੈਦਾਨ ਵਿੱਚ ਲੜਦਾ ਹੈ। ਜੋ ਗਲਤ ਕਦਰਾਂ ਕੀਮਤਾਂ ਵਿਰੁੱਧ ,ਜੁਲਮਾਂ ਵਿਰੁੱਧ ਅਵਾਜ ਉਠਾਵੇ, ਅਤੇ ਵਕਤ ਦੇ ਹੁਕਮਰਾਨ ਦੀ ਕੋਈ ਵੀ ਨਾਜਾਇਜ ਗੱਲ ਨਾ ਮੰਨੇ ਅਤੇ ਉਸ ਦੀਆਂ ਗਲਤ ਨੀਤੀਆਂ ਦਾ ਖੰਡਨ ਕਰੇ, ਉਹ ਵੀ ਸੂਰਮਾ ਹੀ ਕਹਾਏਗਾ।

* ਗੁਰੂ ਅਰਜਨ ਜੀ ਨੂੰ ਬਚਪਨ ਵਿੱਚ ਹੀ ਭਾਸ਼ਾ ਅਤੇ ਸੰਗੀਤ ਦੀ ਸਿਖਲਾਈ ਦੇ ਨਾਲ ਨਾਲ ਸ਼ਸ਼ਤਰ ਵਿੱਦਿਆ,ਨੇਜੇਬਾਜੀ ਅਤੇ ਘੋੜ ਸਵਾਰੀ ਵੀ ਸਿਖਾਈ ਗਈ ਸੀ,ਜਿਸ ਨਾਲ ਸੂਰਬੀਰਤਾ ਦੇ ਬੀਜ ਬਚਪਨ ਵਿੱਚ ਹੀ ਬੀਜੇ ਗਏ ਸਨ। ਵੱਡੇ ਹੋ ਕੇ ਵੀ ਕਾਫੀ ਘੋੜ ਸਵਾਰ ਉਹਨਾਂ ਦੇ ਨਾਲ ਰਹਿੰਦੇ ਸਨ।

*ਜਦੋਂ ਅੰਮ੍ਰਿਤਸਰ ਸ਼ਹਿਰ ਵਸਾਇਆ ਸੀ, ਉਸ ਸਮੇਂ ਆਰਥਿਕਤਾ ਪੱਕੇ ਪੈਰੀਂ ਕਰਨ ਲਈ ਆਪਣੇ ਸਿੱਖਾਂ ਨੂੰ ਘੋੜਿਆਂ ਦਾ ਵਾਪਾਰ ਕਰਨ ਲਈ ਆਦੇਸ਼ ਦਿੱਤੇ।

* 1598 ਈਸਵੀ ਵਿੱਚ ਜਦੋਂ ਅਕਬਰ ,ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਚ' ਹਾਜਰ ਹੋਇਆ,ਤਾਂ ਉਸ ਨੇ ਲਾਹੌਰ ਵਿੱਚ ਪਏ ਕਾਲ਼ ਸਮੇਂ ਗੁਰੂ ਜੀ ਵਲੋਂ ਪੀੜਿਤਾਂ ਦੀ ਕੀਤੀ ਗਈ ਸੇਵਾ ਲਈ ਸ਼ੁਕਰਾਨਾ ਕੀਤਾ। ਲੰਗਰ ਦੇ ਨਾਂ ਤੇ ਅਕਬਰ ਨੇ ਜਗੀਰ ਲਗਾਉਣ ਦੀ ਪੇਸਕਸ ਕੀਤੀ, ਜਿਸ ਨੂੰ ਲੈਣ ਤੋਂ ਗੁਰੂ ਸਾਹਿਬ ਨੇ ਦ੍ਰਿੜਤਾ ਨਾਲ ਇਨਕਾਰ ਕਰ ਦਿੱਤਾ। ਲੇਕਿਨ ਇਸ ਇਲਾਕੇ ਵਿੱਚੋਂ ਸ਼ਾਹੀ ਫੌਜਾਂ ਦੇ ਰਹਿਣ ਉਤੇ ਕੂਚ ਕਰਨ ਕਰਕੇ ਹੋਏ ਨੁਕਸਾਨ ਕਾਰਨ ਲਗਾਨ ਮੁਆਫ ਕਰਨ ਲਈ ਬਾਦਸਾਹ ਨੂੰ ਰਾਜੀ ਕਰ ਲਿਆ।

* 1636 ਈਸਵੀ ਵਿੱਚ ਜਦੋਂ ਗੁਰੂ ਜੀ ਬਾਰਾਤ ਲੈ ਕੇ ਫਿਲੌਰ ਤਹਿਸੀਲ ਦੇ ਪਿੰਡ ਮਾਓ ਦੇ ਕ੍ਰਿਸ਼ਨ ਚੰਦ ਦੇ ਘਰ ਪਹੁੰਚੇ,ਤਾਂ ਸਹੁਰੇ ਪਰਿਵਾਰ ਵਲੋਂ ਉਹਨਾਂ ਨੂੰ ਨੇਜੇਬਾਜੀ ਦੇ ਕਰਤੱਬ ਦਿਖਾਉਣ ਲਈ ਕਿਹਾ ਗਿਆ। ਇਸ ਖਾਤਰ ਉਹਨਾਂ ਨੇ ਇੱਕ ਟਾਹਲੀ ਦੇ ਦਰਖਤ ਦੀ ਜੜ੍ਹ ਨੂੰ ਉਸੇ ਤਰਾਂ ਰੱਖ ਕੇ ਉਸ ਨੂੰ ਉਪਰੋਂ ਉਪਰੋ ਕੱਟ ਦਿੱਤਾ ਗਿਆ ਅਤੇ ਬਚੇ ਹੋਏ ਹਿੱਸੇ ਨੂੰ ਗੁਰੂ ਜੀ ਨੂੰ ਨੇਜੇ ਨਾਲ ਪੁੱਟਣ ਲਈ ਕਿਹਾ ਗਿਆ । ਘੋੜ-ਸਵਾਰੀ ਕਰਦੇ ਲਾੜੇ ਅਰਜਨ ਨੇ ਅਪਣੇ ਨੇਜੇ ਨਾਲ ਉਸ ਨੂੰ ਜੜ੍ਹ ਤੋਂ ਹੀ ਪੁੱਟ ਦਿੱਤਾ ।ਇਸ ਜਗ੍ਹਾ ਗੁਰਦੁਆਰਾ ਮਾਓ ਸਾਹਿਬ ਬਣਿਆ ਹੋਇਆ ਹੈ।(ਇਹ ਵੀ ਜਿਕਰ ਆਉਂਦਾ ਏ ਕਿ ਇੱਕ ਵਾਰ ਤਾਂ ਇਸ ਪਿੰਡ ਦੀਆਂ ਵੀ ਜੜ੍ਹਾਂ ਹੀ ਪੁੱਟੀਆਂ ਗਈਆਂ ਸਨ, ਜਦੋਂ ਲੁਟੇਰਿਆਂ ਅਤੇ ਜਰਵਾਣਿਆਂ ਨੇ ਇਸ ਪਿੰਡ ਵਿੱਚ ਲੁੱਟ ਮਾਰ ਅਤੇ ਕਤਲੋਗਾਰਤ ਵੀ ਕੀਤੀ ਸੀ ਅਤੇ ਇਮਾਰਤਾਂ ਵੀ ਢਾਹ ਦਿੱਤੀਆਂ ਸਨ।)

* ਗੁਰ-ਗੱਦੀ ਨਾ ਮਿਲਣ ਕਾਰਨ ਪ੍ਰਿਥੀ ਚੰਦ ਵਲੋਂ ਬੇਲੋੜਾ ਅਤੇ ਬਹੁਤ ਜਿਆਦਾ ਵਿਰੋਧ ਕੀਤਾ ਜਾਣ ਲੱਗਿਆ। ਇਹ ਪਹਿਲੇ ਗੁਰੂ ਸਾਹਿਬਾਨ ਸਮੇ ਵੀ ਹੁੰਦਾ ਰਿਹਾ ਸੀ,ਜਿਵੇਂ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਦੀ ਥਾਂ ਖਡੂਰ ਸਾਹਿਬ ਚਲੇ ਗਏ ਸਨ ਅਤੇ ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਪ੍ਰਚਾਰ ਕੇਂਦਰ ਬਣਾ ਲਿਆ ਸੀ, ਪਰ ਇਸ ਸਮੇਂ ਇੰਨੇ ਵਿਰੋਧ ਦੇ ਬਾਵਜੂਦ ਗੁਰੂ ਅਰਜਨ ਜੀ ਨੇ ਅਪਣਾ ਪ੍ਰਚਾਰ-ਕੇਂਦਰ ਅੰਮ੍ਰਿਤਸਰ ਤੋਂ ਨਹੀਂ ਬਦਲਿਆ ।ਸਿੱਖੀ ਦਾ, ਸ਼ਬਦ ਦਾ, ਆਦਿ ਗ੍ਰੰਥ ਦਾ ਕੇਂਦਰੀ ਧੁਰਾ ਜੋ ਬਣ ਰਿਹਾ ਸੀ। ਇਹ ਇੱਕ ਦਲੇਰਾਨਾ ਫੈਸਲਾ ਸੀ,ਭਾਵੇਂ ਇਸ ਕਾਰਨ ਉਹਨਾਂ ਨੂੰ ਆਰਥਿਕ ਤੰਗੀਆਂ ਦਾ ਸਾਹਮਣਾ ਤਾਂ ਕਰਨਾ ਪਿਆ ਹੀ, ਹੋਰ ਵਾਰ ਵੀ ਪ੍ਰਿਥੀ ਚੰਦ ਦੇ ਹਨਾਂ ਨੂੰ ਸਹਾਰਨੇ ਪਏ।

*ਜਦੋਂ ਚੰਦੂ ਦੀ ਅਪਣੀ ਬੇਟੀ ਦਾ ਸਾਕ ਹਰਗੋਬਿੰਦ ਜੀ ਲਈ ਪੱਕਾ ਕਰਨ ਦੀ ਗੱਲ ਚੱਲੀ ਅਤੇ ਗੁਰੂ ਸਾਹਿਬ ਨੂੰ ਸਿੱਖਾਂ ਤੋਂ ਪਤਾ ਚੱਲਿਆ ਕਿ ਚੰਦੂ ਨੇ ਆਪਣੀ ਅਮੀਰੀ ਅਤੇ ਰਾਜਸੀ ਪਹੁੰਚ ਦੇ ਹੰਕਾਰ ਵਿੱਚ ਗੁਰੂ ਘਰ ਪ੍ਰਤੀ ਬੁਰੇ ਸ਼ਬਦ ਬੋਲੇ ਹਨ ਕਿ ਚੁਬਾਰੇ ਦੀ ਇੱਟ ਮੋਰੀ ਨਾਲ ਲਾ ਆਏ ਹੋ। ਤਾਂ ਸੰਗਤ ਦੇ ਆਖੇ ਜਾਣ ਤੇ ਗੁਰੂ ਜੀ ਨੇ ਦ੍ਰਿੜਤਾ ਨਾਲ ਇਸ ਰਿਸ਼ਤੇ ਨੂੰ ਠੁਕਰਾ ਦਿੱਤਾ ਜਿਸ ਨੂੰ ਚੰਦੂ ਨੇ ਆਪਣਾ ਅਪਮਾਨ ਸਮਝਿਆ ਅਤੇ ਜਹਾਂਗੀਰ ਕੋਲ ਗੁਰੂ ਸਾਹਿਬ ਜੀ ਵਿਰੁੱਧ ਬੋਲਦਾ ਰਿਹਾ, ਜੋ ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਬਣ ਗਿਆ।

* ਸੱਤਾ ਅਤੇ ਬਲਵੰਡ ,ਜੋ ਗੁਰੂ ਘਰ ਦੇ ਕੀਰਤਨੀਏ ਸਨ ਆਰਥਿਕ ਸੰਕਟ ਸਮੇਂ ਡੋਲ ਗਏ ਸਨ। ਸੱਤੇ ਦੀ ਬੇਟੀ ਦਾ ਵਿਆਹ ਸੀ,ਉਹਨਾਂ ਵਧੇਰੇ ਮਾਇਆ ਦੀ ਮੰਗ ਕੀਤੀ,ਲੇਕਿਨ ਪ੍ਰਿਥੀ ਦੀਆਂ ਚਾਲਾਂ ਅਤੇ ਗੁਰੂ ਘਰ ਦੀ ਮਾਇਆ ਤੇ ਕੀਤੇ ਕਬਜੇ ਕਾਰਨ ਗੁਰੂ ਸਾਹਿਬ ਉਹਨਾਂ ਦੀ ਮੰਗ ਪੂਰੀ ਨਾ ਕਰ ਸਕੇ,ਤਾਂ ਉਹਨਾਂ ਕੀਰਤਨ ਕਰਨਾ ਬੰਦ ਕਰ ਦਿੱਤਾ। ਗੁਰੂ ਅਰਜਨ ਸਾਹਿਬ ਦੋ ਵਾਰੀ ਆਪ ਚੱਲ ਕੇ ਉਹਨਾਂ ਨੂੰ ਮਨਾ ਕੇ ਲਿਆਉਣ ਲਈ ਗਏ, ਪਰ ਕਿਧਰੇ ਵਧੀਆ ਕੀਰਤਨੀਏ ਹੋਣ ਦੀ ਹਉਮੈ ਕਾਰਨ ਉਹਨਾਂ ਨਾ-ਕੇਵਲ ਇਨਕਾਰ ਹੀ ਕਰ ਦਿੱਤਾ,ਸਗੋਂ ਗੁਰੂ ਨਾਨਕ ਜੀ ਦੇ ਵੀ ਵਿਰੁੱਧ ਬੋਲ ਗਏ। ਕਿ ਜੇ ਸਾਡੇ ਵਡੇਰੇ,ਮਰਦਾਨਾ ਜੀ, ਰਬਾਬ ਵਜਾਉਂਦੇ ਸੀ,ਤਾਂ ਬਾਬਾ ਨਾਨਕ ਕੋਲ ਸੰਗਤ ਆਉਂਦੀ ਸੀ। ਗੁਰੂ ਅਰਜਨ ਦੇਵ ਜੀ ਵੱਡੇ ਗੁਰਾਂ ਦੇ ਵਿਰੁੱਧ ਬੋਲ ਨਹੀਂ ਸਹਿ ਸਕੇ। ਉਹਨਾਂ ਪਹਿਲਾ ਤਾਂ ਆਪ ਸਿਰੰਦਾ ਅਤੇ ਤਾਨਪੁਰਾ ਲੈ ਕੇ ਕੀਰਤਨ ਕਰਨਾ ਸ਼ੁਰੂ ਕੀਤਾ,ਸਿੱਖਾਂ ਨੂੰ ਖੁਦ ਕੀਰਤਨ ਕਰਨ ਦਾ ਹੁਕਮ ਦਿੱਤਾ, ਤਾਂ ਕਿ ਉਹ ਕਿਸੇ ਵੀ ਕੀਰਤਨੀਏ ਤੇ ਵੀ ਨਿਰਭਰ ਨਾ ਕਰਨ। ਉਹਨਾਂ ਸਿੱਖਾਂ ਨੂੰ ਇਹ ਵੀ ਹੁਕਮ ਦਿੱਤਾ ਕਿ ਭਾਈ ਸੱਤੇ ਅਤੇ ਬਲਵੰਡ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ। ਕਿਹਾ ਜਾਂਦਾ ਏ ਕਿ ਗੁਰੂ ਸਾਹਿਬ ਨੇ ਇਹ ਵੀ ਕਿਹਾ ਕਿ ਗੁਰੂ ਤੋਂ ਟੁੱਟੇ ਇਹਨਾਂ ਹੰਕਾਰੀਆਂ ਨੂੰ ਮੂੰਹ ਲਗਾਉਣ ਵਾਲੇ ਨੂੰ ਖੋਤੇ ਤੇ ਬਿਠਾ ਕੇ ਮੂੰਹ ਕਾਲਾ ਕੀਤਾ ਜਾਏਗਾ। ਇਤਿਹਾਸ ਵਿੱਚ ਜਿਕਰ ਆਉਂਦਾ ਏ ਕਿ ਭਾਈ ਲੱਧਾ ਜੀ ਪਰਉਪਕਾਰੀ ,ਪਛਤਾ ਰਹੇ ਸੱਤਾ ਬਲਵੰਡ ਨੂੰ ਨਾਲ ਲੈ ਕੇ ਅਪਣਾ ਮੂੰਹ ਕਾਲਾ ਕਰਕੇ ਉਹਨਾਂ ਦੀ ਭੁੱਲ ਬਖਸਾਉਣ ਗੁਰੂ ਜੀ ਕੋਲ ਲੈ ਕੇ ਆਏ ਸਨ । ਜਿੱਥੇ ਗੁਰੂ ਜੀ ਵਲੋਂ ਉਹਨਾਂ ਨੂੰ ਮੁਆਫ ਕਰਨਾ ਉਹਨਾਂ ਦੇ ਨਿਰਵੈਰ ਹੋਣ ਦਾ ਸੂਚਕ ਹੈ,ਉੱਥੇ ਇਹ ਵੀ ਸਪਸਟ ਹੈ ਕਿ ਉਹਨਾਂ ਦਾ ਮਕਸਦ ਸਿਰਫ ਸੁਧਾਰ ਕਰਨਾ ਸੀ। ਇਸੇ ਲਈ ਤਾਂਹਨਾਂ ਕਿਹਾ ਸੀ ਕਿ ਜਿਸ ਜਬਾਨ ਨੇ ਗੁਰੂ ਸਾਹਿਬ ਦੇ ਵਿਰੁੱਧ ਬੋਲਿਆ ਸੀ,ਉਸੇ ਜਬਾਨ ਨਾਲ ਗੁਰ-ਉਸਤਤ ਕਰੋ। ਉਹਨਾਂ ਵਲੋਂ ਕੀਤੀ ਸਿਫਤ-ਸਲਾਹ ਨੂੰ ਆਦਿ-ਗ੍ਰੰਥ ਵਿੱਚ ਰਾਮਕਲੀ ਦੀ ਵਾਰ ਵਿੱਚ ਦਰਜ ਕਰਕੇ ਮਾਣ ਵੀ ਦਿੱਤਾ। ਅਜਿਹਾ ਕੰਮ ਇੱਕ ਨਿਰਭਉ ਅਤੇ ਨਿਰਵੈਰ ਸੂਰਮਾ ਹੀ ਕਰ ਸਕਦਾ ਏ।

* ਜਦੋਂ ਉਹ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਕਰਵਾ ਰਹੇ ਸਨ, ਇਹ 1539 ਈਸਵੀ ਦੀ ਗੱਲ ਹੈ,ਉਸ ਸਮੇਂ ਲਾਹੌਰ ਵਿੱਚ ਕਾਲ਼ ਪੈ ਗਿਆ। ਗੁਰੂ ਜੀ ਨੇ ਇੱਕ ਦਮ ਫੈਸਲਾ ਲਿਆ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਰੋਕ ਦਿੱਤੀ । ਦਸਵੰਧ ਦੀ ਜੋ ਰਕਮ ਕਾਰ ਸੇਵਾ ਲਈ ਆਈ ਹੋਈ ਸੀ,ਸਾਰੀ ਦੀ ਸਾਰੀ ਲਾਹੌਰ ਕਾਲ਼-ਪੀੜਤਾਂ ਨੂੰ ਭੇਜ ਦਿੱਤੀ। (ਇਸ ਘਟਨਾ ਦਾ ਸਾਡੇ ਪ੍ਰਚਾਰਕ ਬਹੁਤ ਘੱਟ ਪਰਚਾਰ ਕਿਉਂ ਕਰਦੇ ਹਨ ?? ਕੀ ਅਜੋਕੇ ਕਾਰ-ਸੇਵਾ ਵਾਲੇ ਇਸ ਗਟਨਾ ਤੋਂ ਕੋਈ ਸਬਕ ਸਿੱਖਣਗੇ ??)



ਜਸਵਿੰਦਰ ਸਿੰਘ ਰੁਪਾਲ
9814715796

* ਇੱਕ ਸੂਝਵਾਨ ਸੰਪਾਦਕ ਹੋਣ ਦਾ ਸਬੂਤ ਮਿਲਦਾ ਹੈ,ਆਦਿ-ਗ੍ਰੰਥ ਵੱਲ ਨਜਰ ਮਾਰਿਆਂ। ਨਾ-ਕੇਵਲ ਜਾਤਾਂ ਅਤੇ ਇਲਾਕਿਆਂ ਦੀਆਂ ਹੱਦਾਂ ਤੋਂ ਪਰ੍ਹੇ ਗੁਰਮਤਿ ਕਸਵੱਟੀ ਤੇ ਖਰਾ ਉਤਰਦੀਆਂ ਰਚਨਾਵਾਂ ਹੀ ਸ਼ਾਮਲ ਕੀਤੀਆਂ, ਸਗੋਂ ਇਸ ਵਿੱਚ ਛਾਪੇ ਜਾਣ ਲਈ ਆਈਆਂ ਪਰ ਕਸਵੱਟੀ ਤੇ ਪੂਰਾ ਨਾ ਆਉਣ ਵਾਲੀਆਂ ਰਚਨਾਵਾਂ ਨੂੰ ਦ੍ਰਿੜਤਾ ਨਾਲ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ। ਹਾਕਮਾਂ ਦੀ ਸਰਪ੍ਰਸਤੀ ਪ੍ਰਾਪਤ ਲੇਖਕ ਪੀਲੂ, ਕਾਹਨਾ, ਛੱਜੂ ਅਤੇ ਸ਼ਾਹ ਹੁਸੈਨ ਵਰਗੇ ਕਵੀਆਂ ਦੀਆਂ ਰਚਨਾਵਾਂ ਨੂੰ ਆਦਿ-ਗ੍ਰੰਥ ਵਿੱਚ ਥਾਂ ਨਹੀਂ ਦਿੱਤੀ ਗਈ। ਕੀ ਇਹ ਕਦਮ ਕਿਸੇ ਯੋਧੇ ਨਾਲੋਂ ਘੱਟ ਸੀ?? ਜਿਹਨਾਂ ਦੀ ਰਚਨਾ ਵਿੱਚ ਕਿਧਰੇ ਸਪਸ਼ਟੀਕਰਨ ਦੀ ਲੋੜ ਵੀ ਪਈ,ਉੱਥੇ ਆਮ ਸੰਪਾਦਕਾਂ ਵਾਂਗ ਰਚਨਾ ਵਿੱਚ ਤਬਦੀਲੀ ਨਹੀਂ ਕੀਤੀ, ਸਗੋਂ ਵੱਖਰੀ ਟਿੱਪਣੀ ਕੀਤੀ ਹੈ, ਜਿਵੇਂ ਕਬੀਰ ਫਰੀਦ ਦੇ ਸਲੋਕਾਂ ਸਮੇ। ਇਹ ਪਤਾ ਲੱਗਣ ਤੇ ਕਿ ਵਿਰੋਧੀ, ਬਾਣੀ ਵਿੱਚ ਵੀ ਰਲਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਆਪ ਜੀ ਨੇ ਗੁਰਬਾਣੀ ਨੂੰ ਰਾਗ-ਬੱਧ ਕਰਨ ਦੇ ਨਾਲ ਨਾਲ ਸ਼ਬਦਾਂ, ਪਦਾਂ, ਸਲੋਕਾਂ ਆਦਿ ਦੀ ਗਿਣਤੀ ਇੰਨੇ ਸੁਚੱਜੇ ਢੰਗ ਨਾਲ ਅੰਕਿਤ ਕਰ ਦਿੱਤੀ ਕਿ ਉਸ ਵਿੱਚ ਰਲਾਅ ਪਾਇਆ ਜਾਣਾ ਸੰਭਵ ਹੀ ਨਾ ਰਹੇ।

* ਜਹਾਂਗੀਰ -ਪੁੱਤਰ ਖੁਸਰੋ,ਜਦੋਂ ਬਾਦਸਾਹ ਤੋਂ ਬਾਗੀ ਹੋ ਕੇ ਆਪ ਜੀ ਦੇ ਦਰਬਾਰ ਵਿੱਚ ਆਇਆ, ਤਾਂ ਆਪ ਜੀ ਨੇ ਜਹਾਂਗੀਰ ਦੇ ਕਿਸੇ ਵੀ ਤਰਾਂ ਦੇ ਡਰ ਤੋਂ ਮੁਕਤ ਹੋ ਕੇ ਉਸ ਨਾਲ ਆਮ ਸਿੱਖਾਂ ਦੀ ਤਰਾਂ ਵਿਵਹਾਰ ਕੀਤਾ। ਇਸ ਗੱਲ ਦਾ ਜਿਕਰ ਜਹਾਂਗੀਰ ਨੇ ਆਪਣੀ ਪੁਸਤਕ ਵਿੱਚ ਕੀਤਾ ਹੈ।

* ਸ਼ਹਾਦਤ ਤੋਂ ਪਹਿਲਾਂ ਜਦੋਂ ਸਾਈਂ ਮੀਆਂ ਮੀਰ ਜੀ ਨੇ ਲਾਹੌਰ ਅਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦੇਣ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਅਪਣੇ ਵਿਸ਼ਾਲ ਹਿਰਦੇ ਅਤੇ ਨਿਰਵੈਰਤਾ ਦਾ ਸਬੂਤ ਦਿੰਦੇ ਹੋਏ ਇਨਕਾਰ ਕਰ ਦਿੱਤਾ। ਕਿਉਂਕਿ ਸੂਰਮੇ ਦੀ ਬਿਰਤੀ ਬਦਲਾ ਲੈਣ ਵਾਲੀ ਨਹੀਂ ਹੁੰਦੀ।

* ਅੰਤਮ ਸਮੇਂ ਜਿਸ ਤਰਾਂ ਦੇ ਅਕਹਿ ਅਤੇ ਅਸਹਿ ਕਸ਼ਟ ਸਹਾਰਦੇ ਹੋਏ ਆਪ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ,ਉਸਦੀ ਮਿਸਾਲ ਕਿਧਰੋਂ ਵੀ ਨਹੀਂ ਮਿਲਣੀ। ਪਰ ਗੁਰੂ ਸਾਹਿਬ ਨੇ ਆਪਣੀ ਦ੍ਰਿੜਤਾ, ਨਿਸ਼ਚਾ, ਅਡੋਲਤਾ,ਬਹਾਦਰੀ ਅਤੇ ਅਣਖ ਬਿਲਕੁਲ ਨਹੀਂ ਛੱਡੀ। ਹਜਾਰਾਂ ਕਿਸਮ ਦੇ ਡਰ,ਲਾਲਚ ਅਤੇ ਧੱਕੇਸ਼ਾਹੀਆਂ ਗੁਰੂ ਸਾਹਿਬ ਨੂੰ ਆਪਣੇ ਸਿਧਾਂਤ ਤੋਂ ਡੁਲਾ ਨਹੀਂ ਸਕੀਆਂ।

* ਆਪਣੀ ਸ਼ਹਾਦਤ ਤੋਂ ਪਹਿਲਾਂ ਗੁਰੂ ਜੀ ਆਪਣੇ ਪੁੱਤਰ ਹਰਿਗੋਬਿੰਦ ਨੂੰ ਭਗਤੀ ਦੇ ਨਾਲ ਨਾਲ ਸ਼ਕਤੀ ਦੀ ਵਰਤੋਂ ਕਰਨ ਦਾ ਸੰਕੇਤ ਵੀ ਦੇ ਗਏ ਸਨ, ਜਿਸ ਦਾ ਪਾਲਣ ਕਰਦਿਆਂ ਹੀ ਗੁਰੂ ਹਰਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਸਨ।

ਬਾਣੀ ਵਿੱਚੋਂ ਝਲਕਾਂ:-ਇੱਕ ਲੇਖਕ ਲਈ ਉਸਦੀ ਲਿਖਤ ਉਸਦੀ ਅੰਤਰ-ਆਤਮਾ ਦੀ ਆਵਾਜ ਹੁੰਦੀ ਹੈ ਅਤੇ ਉਹ ਆਪਣੀ ਕਲਮ ਨੂੰ ਹਥਿਆਰ ਵਾਂਗ ਵਰਤ ਕੇ ਸਮਕਾਲੀ ਹਾਲਾਤਾਂ ਤੇ ਟਿੱਪਣੀ ਕਰਦਾ ਹੈ ਅਤੇ ਨਵੀਂ ਜੀਵਨ-ਜਾਚ ਸਿਖਾਉਂਦਾ ਹੈ। ਗੁਰੂ ਸਾਹਿਬ ਵਲੋਂ ਵਰਤੇ ਗਏ ਅਲੰਕਾਰ ਅਤੇ ਬਿੰਬ ਉਹਨਾਂ ਨੂੰ ਜੰਗ ਦੇ ਮੈਦਾਨ ਅਤੇ ਜੰਗ ਦੀਆਂ ਨੀਤੀਆਂ ਤੋਂ ਵਾਕਫ ਹੋਣਾ ਦਰਸਾਉਂਦੀਆਂ ਹਨ । ਇਸੇ ਤਰਾਂ ਉਹਨਾਂ ਵਲੋਂ ਗੁਰਮਤਿ ਨੂੰ ਭੁੱਲ ਕੇ ਮੋਹ-ਮਾਇਆ ਵਿੱਚ ਖਚਿਤ ਮਨੁੱਖ ਪ੍ਰਤੀ ਉਹਨਾਂ ਦਾ ਰੋਸਾ ਦੇਖਣਾ ਬਣਦਾ ਹੈ। ਕੁਝ ਹਵਾਲੇ ਦੇ ਰਹੇ ਹਾਂ:--

* ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰਾ ਸੰਤੀ ਛਲੀ ॥-...............(ਪੰਨਾ 392, ਆਸਾ ਮਹਲਾ 5 )
* ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਓ ॥-...............(ਪੰਨਾ 132, ਮਾਝ ਮਹਲਾ 5 )
* ਜੋ ਇਸ ਮਾਰੇ ਸੋਈ ਸੂਰਾ ॥
ਜੋ ਇਸ ਮਾਰੇ ਸੋਈ ਪੂਰਾ॥...............(ਪੰਨਾ 237, ਗਉੜੀ ਮਹਲਾ 5)
* ਸੂਰਵੀਰ ਵਰੀਆਮ ਕਿਨੈ ਨ ਹੋੜੀਐ॥
ਫਉਜ ਸਤਾਣੀ ਹਾਥ ਪੰਚਾ ਜੋੜੀਐ॥-...............(ਪੰਨਾ 522, ਪਉੜੀ )
* ਹਉ ਗੋਸਾਈ ਦਾ ਪਹਿਲਵਾਨੜਾ॥
ਮੈ ਗੁਰ ਮਿਲਿ ਉਚ ਦੁਮਾਲੜਾ॥-...............(ਪੰਨਾ 74, ਸਿਰੀਰਾਗੁ ਮਹਲਾ 5)
* ਗੁਰ ਪੂਰੈ ਵਜੀ ਵਾਧਾਈ
ਨਾਨਕ ਜਿਤਾ ਬਿਖਾੜਾ ਜੀਓ॥-...............(ਪੰਨਾ 103,.ਮਾਝ ਮਹਲਾ 5)
* ਜਿਨ ਮਿਲ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ॥
ਜਿਨਿ ਪੰਚ ਮਾਰ ਬਿਦਾਰ ਗੁਦਾਰੈ ਸੋ ਪੂਰੀ ਇਹ ਕਲੀ ਰੇ॥-...............(ਪੰਨਾ 404,.ਆਸਾ ਮਹਲਾ 5 ) ਉਪਰੋਕਤ ਫੁਰਮਾਨਾਂ ਵਿੱਚ ਸੂਰਬੀਰ, ਸੂਰਮਾ,ਜੰਗ ਦਾ ਮੈਦਾਨ, ਜੋਧਿਆਂ ਦਾ ਲੜਨਾ,ਜਿੱਤਣਾ ਆਦਿ ਵਰਗੇ ਅਲੰਕਾਰ ਗੁਰੂ ਸਾਹਿਬ ਦੀ ਜੰਗਜੂ ਸੋਚ ਨੂੰ ਪ੍ਰਗਟਾਉਂਦੇ ਹਨ। ਆਪ ਜੀ ਨੇ 6 ਅਧਿਆਤਮਕ ਵਾਰਾਂ ਦੀ ਰਚਨਾ ਕੀਤੀ । ਇਹ ਹਨ ਕ੍ਰਮਵਾਰ- ਗਉੜੀ ਕੀ ਵਾਰ, ਗੁਜਰੀ ਕੀ ਵਾਰ,ਜੈਤਸਰੀ ਕੀ ਵਾਰ,ਰਾਮਕਲੀ ਕੀ ਵਾਰ,ਮਾਰੂ ਕੀ ਵਾਰ ਅਤੇ ਬਸੰਤ ਕੀ ਵਾਰ ॥

ਭਾਵੇਂ ਇਸ ਕਾਵਿ-ਰੂਪ ਦਾ ਖਾਸਾ ਦੋ ਸ਼ਕਤੀਆਂ ਜਾਂ ਮਹਾਂ-ਸ਼ਕਤੀਆਂ ਦੀ ਟੱਕਰ ਦੀ ਪੇਸ਼ਕਾਰੀ ਹੀ ਹੈ,ਪਰ ਗੁਰਮਤਿ ਸਾਹਿਤ ਵਿੱਚ ਇਹ ਟੱਕਰ ਅਧਿਆਤਮਕ ਮੰਜਲ ਦੀ ਪ੍ਰਾਪਤੀ ਲਈ ਗੁਰਮੁਖ ਦੀ ਵਿਕਾਰਾਂ ਨਾਲ ਸਿੱਝਣ ਦੀ ਸੂਖਮ ਸਰੂਪ ਵਾਲੀ ਹੈ। ਇਸ ਤੋਂ ਬਿਨਾਂ ਉਹਨਾਂ ਦੀ ਬਾਣੀ ਵਿੱਚ ਆਏ ਸ਼ਬਦ-ਬਾਵਰ, ਮੂੜ੍ਹ ਅਗਿਆਨ, ਬਉਰਾਨੰ, ਸਾਕਤ, ਅੰਦਰਹੁ ਥੋਥਾ, ਕੂੜਿਆਰ, ਲਾਜ ਮਰੈ, ਮਖਟੂ, ਕੂਕਰ, ਮ੍ਰਿਤਕ ਆਦਿ ਉਹਨਾਂ ਦੇ ਗਲਤ ਕੀਮਤਾਂ ਵਿਰੁੱਧ ਅਤੇ ਮਾਇਆ ਵਿਚ ਗੁਲਤਾਨ ਮਨੁੱਖ ਪ੍ਰਤੀ ਸਿੱਧੇ ਅਤੇ ਸਪਸਟ ਬੋਲ ਉਹਨਾਂ ਦੀ ਸੂਰਮਤਾਈ ਦੱਸਦੇ ਹਨ॥

ਅੰਤ ਵਿੱਚ ਆਖ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦਾ ਮੂਲ ਸਿਧਾਂਤ ਨਿਮਰਤਾ ਅਤੇ ਸ਼ਾਂਤੀ ਵਾਲਾ ਹੀ ਰਿਹਾ ਹੈ,ਪਰ ਇਹ ਸ਼ਾਂਤੀ ਅਤੇ ਨਿਮਰਤਾ ਕਿਤੇ ਵੀ ਗਲਤ ਸਮਝੌਤਿਆਂ ਵਾਲੀ ਨਹੀ। ਨਾ ਕੋਈ ਡਰ ਹੈ, ਨਾ ਕਿਸੇ ਤੇ ਵਾਰ ਕਰਨ ਵਾਲੀ ਹੈ। ਪਰ ਗੁਰਮਤਿ ਸਿਧਾਂਤ ਨਾਲ ਸ਼ੱਚਾਈ ਲਈ ਦ੍ਰਿੜਤਾ ਅਤੇ ਸੋਚ ਪੱਕੀ ਹੈ। ਉਸ ਵਿੱਚ ਰਾਈ ਜਿੰਨੀ ਵੀ ਤਬਦੀਲੀ ਨਹੀ, ਭਾਵੇ ਉਹ ਹੁਕਮਰਾਨ ਹੋਵੇ ਜਾਂ ਕੋਈ ਵੀ ਹੋਰ ॥

## ਲੋਕ-ਗੀਤਾਂ ਵਿਚ ਅੱਜ ਵੀ ਜੀਉਂਦੀ ਹੈ: ਗੁਰਮੀਤ ਬਾਵਾ



### ਰਸ਼ੀਆ ਵਿੱਚ 45 ਸਕਿੰਟ ਦੀ ਲੰਮੀ ਹੇਕ ਲਗਾਕੇ ਉਨ੍ਹਾਂ ਨੇ 1988 'ਚ ਇਕ ਅੰਤਰਰਾਸ਼ਟਰੀ ਰਿਕਾਰਡ ਵੀ ਕਾਇਮ ਕੀਤਾ



ਜਦੋਂ ਵੀ ਪੰਜਾਬੀ ਲੋਕਧਾਰਾ ਦੀ ਗੱਲ ਕੀਤੀ ਜਾਂਦੀ ਹੈ ਤਾਂ ਉੱਥੇ ਗੁਰਮੀਤ ਬਾਵਾ ਦਾ ਨਾਂ ਇਕ ਅਜਿਹੀ ਗਾਇਕਾ ਵਜੋਂ ਲਿਆ ਜਾਂਦਾ ਹੈ, ਜਿਸ ਨੇ ਸੱਭਿਆਚਾਰ ਦੀ ਰੂਹ ਨੂੰ ਆਪਣੇ ਸੁਰਾਂ ਨਾਲ ਸ਼ਿੰਗਾਰਿਆ। ਉਹ ਕੇਵਲ ਇਕ ਗਾਇਕਾ ਹੀ ਨਹੀਂ, ਸਗੋਂ ਪੰਜਾਬੀ ਰੂਹਾਨੀਅਤ ਅਤੇ ਮਿੱਟੀ ਦੀ ਮਹਿਕ ਦਾ ਸਾਂਝਾ ਰੂਪ ਸੀ।

18 ਫਰਵਰੀ 1944 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੋਠਾ (ਅਲੀਵਾਲ) ਵਿਖੇ ਪਿਤਾ ਸ: ਉੱਤਮ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਗੁਰਮੀਤ ਬਾਵਾ ਨੇ ਜਨਮ ਲਿਆ। ਮਾਂ ਦੇ ਅਕਾਲ ਚਲਾਣੇ ਦੌਰਾਨ ਉਹ ਬਹੁਤ ਛੋਟੀ ਸੀ। ਪਰਿਵਾਰਕ ਸਹਿਯੋਗ, ਖਾਸ ਕਰਕੇ ਵੱਡੀਆਂ ਭੈਣਾਂ ਅਤੇ ਪਿਤਾ ਦੀ ਸਾਂਭ-ਸੰਭਾਲ ਨੇ ਉਨ੍ਹਾਂ ਦੇ ਜੀਵਨ ਨੂੰ ਹੌਸਲੇ ਅਤੇ ਸੰਘਰਸ਼ ਨਾਲ ਭਰ ਦਿੱਤਾ। ਦਸਵੀਂ ਤੋਂ ਬਾਅਦ ਜਦੋਂ ਉਨ੍ਹਾਂ ਨੇ ਜੇ.ਬੀ.ਟੀ. ਕਰਕੇ ਅਧਿਆਪਿਕਾ ਵਜੋਂ ਕੰਮ ਕਰਨਾ ਸ਼ੁਰੂ ਕੀਤਾ, ਤਾਂ ਇਹ ਇਲਾਕੇ ਲਈ ਇੱਕ ਨਵਾਂ ਕਦਮ ਸੀ। ਪਰ ਉਨ੍ਹਾਂ ਅੰਦਰਲੀ ਸੁਰੀਲੀ ਆਤਮਾ ਤਾਂ ਪਹਿਲਾਂ ਹੀ ਗਾਇਕੀ ਦੇ ਨਾਲ ਜੁੜੀ ਹੋਈ ਸੀ, ਜਿਸ ਨੇ ਉਨ੍ਹਾਂ ਨੂੰ ਸਿੱਖਿਆ ਤੋਂ ਅੱਗੇ ਵਧ ਕੇ ਲੋਕ-ਗੀਤਾਂ ਦੀ ਦੁਨੀਆ ਵਲ ਖਿੱਚਿਆ।

1968 'ਚ ਉਨ੍ਹਾਂ ਦਾ ਵਿਆਹ ਕਿਰਪਾਲ ਸਿੰਘ ਨਾਲ ਹੋਇਆ,ਜੋਕਿ ਨਿਰੋਲ ਗਾਇਕ ਤੇ ਅਧਿਆਪਕ ਹੋਣ ਦੇ ਨਾਲ-ਨਾਲ ਡੇਰਾ ਬਾਬਾ ਨਾਨਕ ਦੇ ਬੇਦੀ ਪਰਿਵਾਰ ਨਾਲ ਸੰਬੰਧਤ ਸਨ। ਦੋਵਾਂ ਨੇ ਅਧਿਆਪਕੀ ਤਿਆਗ ਕੇ ਗਾਇਕੀ ਨੂੰ ਹੀ ਆਪਣੇ ਜਿਊਣ ਦਾ ਮਕਸਦ ਬਣਾ ਲਿਆ। ਗੁਰਮੀਤ ਬਾਵਾ ਦੀਆਂ ਰਾਗਨੀਆਂ ਵਿਚ ਜੋ ਉਤਸ਼ਾਹ, ਭਾਵਨਾਤਮਕਤਾ ਅਤੇ ਰੂਹਾਨੀਅਤ ਪਹਿਲਾਂ ਸੀ, ਉਹ ਪਤੀ ਕਿਰਪਾਲ ਸਿੰਘ ਦੀ ਸੰਗਤ ਨਾਲ ਹੋਰ ਵੀ ਨਿਖਰ ਕੇ ਸਾਹਮਣੇ ਆਈ।

ਉਨ੍ਹਾਂ ਦਾ ਪਹਿਲਾ ਗੀਤ, "ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾਂ ਕੌਣ ਕਰੇ", ਐੱਲ.ਪੀ. ਰਿਕਾਰਡ 'ਤੇ 1968 'ਚ ਰਿਲੀਜ਼ ਹੋਇਆ, ਜਿਸ ਦੀਆਂ 13 ਹਜ਼ਾਰ ਕਾਪੀਆਂ ਵਿਕੀਆਂ। ਇਹ ਇਕ ਰਿਕਾਰਡ ਤੋੜ ਵਿਕਰੀ ਸੀ ਜਿਸ ਨੇ ਉਨ੍ਹਾਂ ਨੂੰ ਘਰ-ਘਰ ਪਹੁੰਚਾ ਦਿੱਤਾ। ਉਨ੍ਹਾਂ ਦੇ ਗੀਤਾਂ ਵਿੱਚ ਅਲਗੋਜ਼ਾ, ਚਿਮਟਾ, ਢੋਲਕੀ, ਘੜਾ ਅਤੇ ਹਰਮੋਨੀਅਮ ਵਰਗੇ ਸਾਜ਼ ਵਰਤੇ ਜਾਂਦੇ ਸਨ, ਜੋ ਗਾਇਕੀ ਨੂੰ ਲੋਕ-ਰੰਗ ਨਾਲ ਹੋਰ ਵੀ ਗੂੜ੍ਹਾ ਜੋੜਦੇ ਸਨ।

ਉਹ 'ਜੁਗਨੀ', 'ਸੁਹਾਗ', 'ਘੋੜੀਆਂ', 'ਸਿਠਣੀਆਂ', ਡੋਲੀ, ਮਾਹੀਆ , ਢੋਲਾ ਆਦਿ ਦੀਆਂ ਵੰਨਗੀਆਂ ਅਤੇ 'ਲੋਕ ਗਾਥਾਵਾਂ' ਗਾਉਣ ਵਿਚ ਮਾਹਿਰ ਸਨ। ਗੁਰਮੀਤ ਬਾਵਾ ਜਦੋਂ ਵੀ ਸਟੇਜ ਤੋਂ ਲੋਕ-ਗੀਤ ' ਜੁਗਨੀ' ਜਾਂ ' ਮਿਰਜ਼ਾ' ਗਾਉਂਦੀ ਤਾਂ ਸਮਾਂ ਰੁਕ ਜਿਹਾ ਜਾਂਦਾ ਸੀ। ਮੁੰਬਈ ਵਿੱਚ ਪੰਜਾਬ ਐਸੋਸੀਏਸ਼ਨ ਦੇ ਇਕ ਪ੍ਰੋਗਰਾਮ ਦੌਰਾਨ ਗੁਰਮੀਤ ਬਾਵਾ ਦੀ ਗਾਇਕੀ ਨੂੰ ਪ੍ਰੇਮ ਚੋਪੜਾ, ਰਾਜ ਕਪੂਰ ਅਤੇ ਪ੍ਰਾਣ ਵਰਗੇ ਸਿਤਾਰਿਆਂ ਨੇ ਖੜ੍ਹੇ ਹੋ ਕੇ ਸਿਰਾਹਿਆ। 'ਮੈਂ ਜੱਟੀ ਪੰਜਾਬ ਦੀ' ਗੀਤ ਲਈ ਰਾਜ ਕਪੂਰ ਦੀ ਖਾਸ ਬੇਨਤੀ ਉਨ੍ਹਾਂ ਦੀ ਜ਼ਿੰਦਗੀ ਦਾ ਯਾਦਗਾਰ ਪਲ ਬਣ ਗਈ।

ਉਹਨਾਂ ਨੇ ਭਾਰਤ ਸਰਕਾਰ ਵਲੋਂ ਤਕਰੀਬਨ 25 ਦੇਸ਼ਾਂ ਵਿਚ ਆਪਣੀ ਪੰਜਾਬੀ ਗਾਇਕੀ ਦਾ ਪਰਚਮ ਲਹਿਰਾਇਆ। ਰਸ਼ੀਆ ਵਿੱਚ 45 ਸਕਿੰਟ ਦੀ ਲੰਮੀ ਹੇਕ ਲਗਾਕੇ ਉਨ੍ਹਾਂ ਨੇ 1988 'ਚ ਇਕ ਅੰਤਰਰਾਸ਼ਟਰੀ ਰਿਕਾਰਡ ਵੀ ਕਾਇਮ ਕੀਤਾ।


ਜਦੋਂ ਜਲੰਧਰ ਦੂਰਦਰਸ਼ਨ ਦੀ ਸ਼ੁਰੂਆਤ ਹੋਈ ਤਾਂ ਸਭ ਤੋਂ ਪਹਿਲੀ ਮਹਿਲਾ ਗੀਤ ਗਾਉਣ ਵਾਲੀ ਗੁਰਮੀਤ ਬਾਵਾ ਹੀ ਸਨ। ਦਿੱਲੀ ਦੂਰਦਰਸ਼ਨ ਅਤੇ ਅਕਾਸ਼ਵਾਣੀ ਉੱਤੇ ਵੀ ਉਨ੍ਹਾਂ ਨੂੰ ਹਾਈ 'ਏ' ਗਰੇਡ ਦੀ ਗਾਇਕਾ ਵਜੋਂ ਦਰਜਾ ਮਿਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੀਆ ਪੰਜਾਬੀ ਫ਼ਿਲਮਾਂ ਵਿਚ ਵੀ ਆਪਣੇ ਸਭਿਆਚਾਰਕ ਅਖਾੜੇ ਲਾਏ।

ਗੁਰਮੀਤ ਬਾਵਾ ਨੇ ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਬਾਬੂ ਸਿੰਘ ਮਾਨ, ਦੇਵ ਥਰੀਕਿਆਂ ਵਾਲਾ, ਇੰਦਰਜੀਤ ਹਸਨਪੁਰੀ, ਚਮਨ ਲਾਲ ਚਮਨ ਅਤੇ ਸ਼ਮਸ਼ੇਰ ਸੰਧੂ ਵਰਗੇ ਉੱਘੇ ਲੇਖਕਾਂ ਦੀਆਂ ਰਚਨਾਵਾਂ ਨੂੰ ਆਪਣੇ ਅਣਗਿਣਤ ਗੀਤਾਂ ਰਾਹੀਂ ਅਮਰਤਾ ਦੇ ਗਹਿਣੇ ਪਹਿਨਾਏ ਜਿਸ ਨਾਲ ਉਹ ਅੱਜ ਵੀ ਚਮਕ ਰਹੇ ਹਨ।

ਗੁਰਮੀਤ ਬਾਵਾ ਨੇ ਆਪਣੀ 55 ਸਾਲਾਂ ਦੀ ਲੰਬੀ ਅਤੇ ਲੋਕ-ਗੀਤਾਂ ਨੂੰ ਸਮਰਪਿਤ ਕਲਾਤਮਕ ਯਾਤਰਾ ਦੌਰਾਨ ਸੰਗੀਤ ਦੀ ਦੁਨੀਆ ਵਿੱਚ ਉਹ ਮਾਣ ਅਤੇ ਪਛਾਣ ਹਾਸਲ ਕੀਤੀ ਜੋ ਚੰਦ ਕੁ ਨਸੀਬਾਂ ਵਾਲਿਆਂ ਨੂੰ ਮਿਲਦੀ ਹੈ। ਉਨ੍ਹਾਂ ਦੀ ਕਲਾ ਅਤੇ ਉਪਲੱਬਧੀਆਂ ਨੂੰ ਦੇਖਦਿਆਂ ਉਨ੍ਹਾਂ ਨੂੰ ਕਈ ਇਨਾਮਾਂ ਅਤੇ ਸਨਮਾਨਾਂ ਨਾਲ ਨਵਾਜਿਆ ਗਿਆ। 1991 ਵਿੱਚ ਪੰਜਾਬ ਰਾਜ ਪੁਰਸਕਾਰ, 2002 ਵਿੱਚ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਦੇਵੀ ਅਹਿਲਿਆ ਪੁਰਸਕਾਰ, 2008 ਵਿੱਚ ਉਨ੍ਹਾਂ ਨੂੰ 'ਸ਼੍ਰੋਮਣੀ ਗਾਇਕਾ' ਦਾ ਖਿਤਾਬ ਮਿਲਿਆ। ਭਾਰਤ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ 'ਸੰਗੀਤ ਨਾਟਕ ਅਕਾਦਮੀ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਆਪਣੇ ਦੇਸ਼ ਦੇ ਸਨਮਾਨਾਂ ਤੋਂ ਇਲਾਵਾ ਖੂਬਸੂਰਤ ਗਾਇਕੀ ਅਤੇ ਵਿਰਾਸਤੀ ਸੰਗੀਤ ਲਈ ਉਨ੍ਹਾਂ ਨੂੰ 2019 ਵਿੱਚ ਨਿਊਜ਼ੀਲੈਂਡ ਦੀ ਪਾਰਲੀਮੈਂਟ ਵਿੱਚ ਵੀ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦਾ ਘਰ ਦੇਸ਼-ਵਿਦੇਸ਼ ਤੋਂ ਮਿਲੇ ਕਈ ਸਨਮਾਨਾਂ ਅਤੇ ਯਾਦਗਾਰ ਚਿੰਨ੍ਹਾਂ ਨਾਲ ਸਜਿਆ ਹੋਇਆ ਹੈ। ਉਹਨਾਂ ਦੇ ਮਰਨ ਤੋਂ ਬਾਅਦ ਭਾਰਤ ਸਰਕਾਰ ਨੇ 2022 ਵਿੱਚ 'ਪਦਮ ਭੂਸ਼ਣ' ਵਰਗਾ ਉੱਚ ਮਾਨਤਾ ਵਾਲਾ ਅਵਾਰਡ ਦੇ ਕੇ ਉਨ੍ਹਾਂ ਦੀ ਯਾਦ ਨੂੰ ਅਮਰ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਗੁਰਮੀਤ ਬਾਵਾ ਦੀ ਸਭਿਆਚਾਰਕ ਲੋਕ-ਗੀਤਾਂ ਦੀ ਗਾਇਕੀ ਉੱਤੇ ਕਈ ਵਿਦਿਆਰਥੀਆਂ ਵਲੋਂ ਐਮ. ਫਿਲ. ਅਤੇ ਪੀ. ਐੱਚ. ਡੀ. ਵੀ ਕੀਤੀ ਗਈ ਹੈ ਤੇ ਇਨ੍ਹਾਂ ਉੱਤੇ ਵੱਖ-ਵੱਖ ਲੇਖਕਾਂ ਵੱਲੋਂ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਸੰਗੀਤਿਕ ਪਰੰਪਰਾ ਨੂੰ ਅੱਗੇ ਵਧਾਉਂਦੀਆਂ ਗੁਰਮੀਤ ਬਾਵਾ ਦੀਆਂ ਦੋਵੇਂ ਧੀਆਂ ਲਾਚੀ ਬਾਵਾ ਤੇ ਗਲੋਰੀ ਬਾਵਾ ਵੀ ਆਪਣੀ ਮਾਂ ਦੀ ਤਰ੍ਹਾਂ ਹੀ ਸੰਗੀਤ ਨਾਲ ਜੁੜੀਆਂ ਅਤੇ ਲੋਕ ਗੀਤਾਂ ਦੀ ਸੇਵਾ ਕਰਦਿਆਂ ਰਹੀਆਂ। ਪਰ ਜ਼ਿੰਦਗੀ ਦੀ ਇਹ ਖੁਸ਼ੀ ਉਸ ਵੇਲੇ ਝੁਰ ਗਈ, ਜਦੋਂ ਇੱਕ ਮਾਂ ਆਪਣੀ ਝੋਲੀ 'ਚੋਂ ਆਪਣੀ ਲਾਡਲੀ ਧੀ ਗੁਆ ਬੈਠੀ। ਲਾਚੀ ਬਾਵਾ ਦੀ ਅਚਾਨਕ ਮੌਤ ਨੇ ਗੁਰਮੀਤ ਬਾਵਾ ਨੂੰ ਅੰਦਰੋਂ ਤੋੜ ਦਿੱਤਾ। ਇਸ ਅਣਸਹਿਣੇ ਦੁੱਖ ਨੇ ਉਨ੍ਹਾਂ ਦੀ ਤਬੀਅਤ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਆਖ਼ਰਕਾਰ 21 ਨਵੰਬਰ 2021 ਨੂੰ 77 ਸਾਲ ਦੀ ਉਮਰ ਵਿੱਚ ਉਹ ਸਦਾ ਲਈ ਇਸ ਸੰਸਾਰ ਤੋਂ ਖਾਮੋਸ਼ ਹੋ ਗਈ। ਉਸ ਤੋਂ ਢਾਈ ਸਾਲ ਬਾਅਦ ਹੀ ਉਨ੍ਹਾਂ ਦੇ ਪਤੀ ਕਿਰਪਾਲ ਸਿੰਘ ਬਾਵਾ ਵੀ ਇਸ ਦੁਨੀਆ ਨੂੰ ਅਲਵਿਦਾ ਆਖ ਗਏ।

ਗੁਰਮੀਤ ਬਾਵਾ ਪੰਜਾਬੀ ਗਾਇਕੀ ਦੀ ਉਹ ਅਮਰ ਅਵਾਜ਼ ਰਹੀ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਮਿੱਟੀ ਦੀ ਪਛਾਣ, ਸੱਭਿਆਚਾਰ ਦੀ ਅਹਿਮੀਅਤ ਅਤੇ ਲੋਕਧਾਰਾ ਦੀ ਗੂੰਜ ਵਜੋਂ ਸਦਾ ਪ੍ਰੇਰਿਤ ਕਰਦੀ ਰਹੇਗੀ। ਉਹਨਾਂ ਦੇ ਸੁਰ, ਉਹਨਾਂ ਦੀ ਹੇਕ, ਪੁਰਾਤਨ ਸਾਜ਼ਾਂ ਨਾਲ ਗਾਉਣਾ ਅਤੇ ਉਹਨਾਂ ਦੀ ਭਾਵਨਾਤਮਕ ਅਦਾਇਗੀ ਅੱਜ ਵੀ ਸਾਡੇ ਦਿਲਾਂ ਵਿਚ ਗੂੰਜ ਰਹੀ ਹੈ ਅਤੇ ਹਮੇਸ਼ਾ ਗੂੰਜਦੀ ਰਹੇਗੀ।



ਬਲਦੇਵ ਸਿੰਘ ਬੇਦੀ, ਜਲੰਧਰ
9041925181

## (ਸਬਰ, ਸਮਾਂ ਤੇ ਸਦਮਾ)

ਕਹਿੰਦੇ ਨੇ ਕਿ
ਔਰਤ ਸਬਰ ਸੰਤੋਖ ਦੀ ਮੂਰਤ ਹੈ
ਸਹਿਣਾ ਹੀ ਉਸਦੇ ਹਿੱਸੇ
ਆਇਆ ਹੈ ਸ਼ਾਇਦ
ਸਹਿੰਦੀ ਰਹਿੰਦੀ ਹੈ
ਕਦ ਤੱਕ
ਇੱਕ ਦਿਨ ਸਹਿੰਦੇ ਸਹਿੰਦੇ
ਉਸਦੀ ਮਾਨਸਿਕ ਤੇ ਸ਼ਰੀਰਿਕ ਸ਼ਕਤੀ
ਜਵਾਬ ਦੇ ਦਿੰਦੀ ਹੈ ਪਰ
ਉਹ ਜ਼ਿੰਦਗੀ ਦੇ ਆਖਿਰੀ ਪਲਾਂ ਤੱਕ
ਸਹਿੰਦੀ ਰਹਿੰਦੀ ਹੈ
ਇੰਤਜ਼ਾਰ ਕਰਦੀ ਹੈ ਕਿ
ਸਮੇਂ ਨਾਲ ਸੱਭ ਠੀਕ ਹੋ ਜਾਂਦਾ ਹੈ
ਪਰ ਕਦ ਤੱਕ

ਸਮਾਂ ਕਦੀ ਰੁਕਦਾ ਨਹੀਂ
ਖਿਸਕਦਾ ਰਹਿੰਦਾ ਹੈ
ਸਮਾਂ ਨਾ ਰਿਹਾ ਤੇ ਕੀ ਕਰੋਗੇ
ਕਿਸੇ ਦੇ ਸਬਰ ਦਾ ਐਨਾ ਇਮਤਿਹਾਨ ਨਾ ਲਉ
ਕਿ ਸਮਾਂ ਹੀ ਖਿਸਕਦਾ ਜਾਏ
ਸਮਾਂ ਹੀ ਨਾ ਰਿਹਾ ਤਾਂ ਕੀ ਕਰੋਗੇ ਫਿਰ ।
ਸਹਿੰਦੇ ਸਹਿੰਦੇ ਉਸਦਾ ਸਬਰ ਵੀ
ਜਵਾਬ ਦੇ ਦਿੰਦਾ ਹੈ ਇਕ ਦਿਨ
ਉਧਰ ਸਮਾਂ ਵੀ ਹੱਥੋਂ ਫਿਸਲਦਾ ਰਿਹਾ
ਉਸਦਾ ਰੁਦਨ , ਵਿਰਲਾਪ ,

ਪੀੜਾ, ਹੌਕੇ ਰਾਤ ਦੇ ਅੰਧੇਰੇ
ਵਿੱਚ ਹੀ ਗੁੰਮ ਹੋ ਕੇ
ਰਹਿ ਜਾਂਦੇ ਹਨ ਤੇ
ਇੱਕ ਦਿਨ ਐਨੇ ਸਦਮੇ ਨਾ
ਸਹਾਰਦੀ ਹੋਈ ਔਰਤ
ਟੁੱਟ ਜਾਂਦੀ ਹੈ , ਬਿਖਰ ਜਾਂਦੀ ਹੈ
ਧੁਰੋਂ ਬੁਲਾਵਾ ਆ ਜਾਂਦਾ ਹੈ
ਤੇ ਮੌਤ ਆਪਣੇ ਕਲਾਵੇ ਵਿਚ
ਲੈ ਲੈਂਦੀ ਹੈ , ਉਹ ਸਦਾ ਲਈ
ਸਕੂਨ ਦੀ ਨੀਂਦ ਸੌਂ ਜਾਂਦੀ ਹੈ ।

( ਰਮਿੰਦਰ ਰੰਮੀ )

ਤੇਰੇ ਜ਼ੁਲਮ ਦੀ ਜੋ ਅਖ਼ੀਰ ਹੈ
ਸਾਡੇ ਸਬਰ ਦੀ ਸ਼ੁਰੂਆਤ ਹੈ
ਅਸੀ ਓਸ ਦਰ ਦੇ ਮੁਰੀਦ ਹਾਂ
ਜਿੱਥੇ ਦੁਖ - ਭੁਖ ਵੀ ਦਾਤ ਹੈ

ਨਹੀਂ ਮੁਕਦੀਆਂ ਫ਼ਰਮਾਇਸ਼ਾਂ
ਕਰਾਂ ਪੂਰੀਆਂ ਕਿੰਝ ਖਾਹਿਸ਼ਾਂ
ਇਤਨੇ 'ਚ ਹੀ ਤੂੰ ਸਬਰ ਕਰ
ਮੇਰੀ ਇਤਨੀ ਹੀ ਔਕਾਤ ਹੈ

- ਗੁਰਚਰਨ ਸਿੰਘ 'ਜੋਗੀ'



# ਦਿਲ ਦੇ ਰਿਸ਼ਤੇ

ਕਮਲਜੀਤ ਕੌਰ ਗੁੰਮਟੀ



ਇਸ ਸੰਸਾਰ ਵਿੱਚ ਮਨੁੱਖ ਨੇ ਬਹੁਤ ਕੁਝ ਹਾਸਿਲ ਕੀਤਾ ਹੈ, ਵਿਗਿਆਨ, ਤਕਨਾਲੋਜੀ, ਦੌਲਤ, ਸ਼ੋਹਰਤ, ਪਰ ਸਭ ਤੋਂ ਸੁੰਦਰ ਅਤੇ ਅਨਮੋਲ ਜੋ ਮਨੁੱਖ ਨੂੰ ਮਿਲਿਆ ਹੈ, ਉਹ ਹਨ ਦਿਲਾਂ ਦੇ ਰਿਸ਼ਤੇ। ਇਹ ਰਿਸ਼ਤੇ ਕੋਈ ਮਨੁੱਖੀ ਬਣਾਵਟ ਨਹੀਂ, ਇਹ ਤਾਂ ਪਰਮਾਤਮਾ ਦੀ ਅਦ੍ਰਿਸ਼ ਬਖ਼ਸ਼ਿਸ਼ ਹਨ, ਜੋ ਰੂਹ ਤੋਂ ਰੂਹ ਤੱਕ, ਦਿਲ ਤੋਂ ਦਿਲ ਤੱਕ ਇੱਕ ਅਣਸੁਣੀ, ਪਰ ਲਿਵਬੱਧ ਡੋਰ ਨਾਲ ਜੁੜਦੇ ਹਨ।

ਦਿਲ ਦੇ ਰਿਸ਼ਤੇ ਲਫ਼ਜ਼ਾਂ ਦੇ ਮੁਹਤਾਜ਼ ਨਹੀਂ, ਸਗੋਂ ਹਸਤੀ ਦੀ ਝਲਕ ਅਤੇ ਖਾਮੋਸ਼ੀ ਦੇ ਰੰਗਾਂ ਵਿੱਚ ਹੀ ਰਚਦੇ ਹਨ। ਜਦ ਇਨਸਾਨ, ਜੀਵ ਜੰਤੂ, ਰੁੱਖ-ਬੂਟੇ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਬਿਨਾਂ ਕਿਸੇ ਬੋਲਣ ਦੇ ਸਮਝਣ ਲੱਗ ਪੈਂਦੇ ਹਨ ਤਾਂ ਇਹ ਸਿੱਧ ਕਰ ਦਿੰਦਾ ਹੈ ਕਿ ਉਹ ਰਿਸ਼ਤਾ ਸਿਰਫ਼ ਸਰੀਰਕ ਜਾਂ ਮਾਨਸਿਕ ਨਹੀਂ, ਸਗੋਂ ਰੂਹਾਨੀ ਪੱਧਰ ਉੱਤੇ ਬਣਿਆ ਹੋਇਆ ਹੈ। ਇਨਸਾਨੀ ਪੱਧਰ 'ਤੇ ਇਹ ਰਿਸ਼ਤੇ ਮਾਂ-ਬੇਟੇ ਵਿੱਚ, ਦੋਸਤਾਂ ਵਿੱਚ, ਪਤੀ-ਪਤਨੀ ਵਿੱਚ ਅਤੇ ਕਿਸੇ ਅਣਜਾਣ ਵਿਅਕਤੀ ਨਾਲ ਵੀ ਬਣਦੇ ਹਨ।

ਕਈ ਵਾਰੀ ਕੋਈ ਅਜਿਹਾ ਵੀ ਮਿਲਦਾ ਹੈ ਜਿਸ ਨਾਲ ਪਹਿਲੀ ਵਾਰ ਮਿਲਣ 'ਤੇ ਹੀ ਦਿਲ ਦਾ ਰਿਸ਼ਤਾ ਬਣ ਜਾਂਦਾ ਹੈ। ਇਹ ਰਿਸ਼ਤੇ ਕਿਸੇ ਲਾਭ-ਹਾਨੀ ਦੀ ਗਣਨਾ ਨਹੀਂ ਕਰਦੇ, ਨਾ ਹੀ ਇਨ੍ਹਾਂ ਦੀ ਮੂਲ ਧਾਰਨਾ ਸਵਾਰਥ ਜਾਂ ਜ਼ਰੂਰਤ 'ਤੇ ਆਧਾਰਿਤ ਹੁੰਦੀ ਹੈ। ਇਹ ਤਾਂ ਨਿਸ਼ਕਾਮ ਪਿਆਰ ਅਤੇ ਵਿਸ਼ਵਾਸ ਦੇ ਦਰੱਖਤਾਂ ਦੀਆਂ ਸੁਗੰਧੀਆਂ ਵਾਂਗ ਹੁੰਦੇ ਹਨ, ਜਿਨ੍ਹਾਂ ਦੀ ਜੜ ਪਰਮਾਤਮਾ ਦੀ ਰਹਿਮਤ ਵਿੱਚ ਗੁੱਥੀ ਹੋਈ ਹੁੰਦੀ ਹੈ।

ਜਿਸ ਤਰ੍ਹਾਂ ਇੱਕ ਫੁੱਲ ਆਪਣੀ ਖ਼ੁਸ਼ਬੂ ਆਪ ਨਹੀਂ ਰੱਖਦਾ, ਉਹ ਆਪੇ ਹੀ ਦੁਨੀਆ ਵਿੱਚ ਫੈਲ ਜਾਂਦੀ ਹੈ, ਓਸੇ ਤਰ੍ਹਾਂ ਦਿਲਾਂ ਦੇ ਸੱਚੇ ਰਿਸ਼ਤੇ ਵੀ ਆਪਣੀ ਖ਼ੁਸ਼ਬੂ ਨਾਲ ਜੀਵਨ ਨੂੰ ਸੁਗੰਧਿਤ ਕਰ ਦਿੰਦੇ ਹਨ। ਇਹ ਰਿਸ਼ਤੇ ਸਾਡੇ ਅੰਦਰ ਦੀ ਮਿੱਠਤਾ, ਸਹਿਣਸ਼ੀਲਤਾ ਅਤੇ ਅਪਣੱਤ ਦੇ ਪ੍ਰਤੀਬਿੰਬੀ ਹਨ। ਜਦੋਂ ਅਸੀਂ ਕਿਸੇ ਨਾਲ ਸਵਾਰਥ ਦੇ ਬਿਨਾਂ, ਪਿਆਰ ਤੇ ਭਰੋਸੇ ਨਾਲ ਜੁੜਦੇ ਹਾਂ, ਤਾਂ ਇਹ ਸਾਡੇ ਮਨ ਨੂੰ ਵੀ ਇੱਕ ਅਮੁੱਕ ਸਕੂਨ ਦਿੰਦਾ ਹੈ।

ਪਰਮਾਤਮਾ ਨੇ ਮਨੁੱਖੀ ਰੂਹਾਂ ਨੂੰ ਇੱਕ ਅਜਿਹੀ ਸੰਵੇਦਨਾ ਦਿੱਤੀ ਹੈ ਜੋ ਦੁੱਖ-ਸੁੱਖ ਨੂੰ ਸਮਝ ਸਕਣ, ਹੋਰਾਂ ਦੀਆਂ ਭਾਵਨਾਵਾਂ ਨੂੰ ਅਪਣਾ ਸਕਣ। ਇਹੀ ਰਿਸ਼ਤਿਆਂ ਦੀ ਅਸਲ ਜੜ ਹੈ। ਅਸੀਂ ਜਦੋਂ ਕਿਸੇ ਨੂੰ ਆਪਣਾ ਸਮਾਂ ਦਿੰਦੇ ਹਾਂ, ਆਪਣੇ ਦਿਲ ਤੋਂ ਸਾਥ ਦਿੰਦੇ ਹਾਂ ਤਾਂ ਅਸੀਂ ਅਸਲ ਵਿੱਚ ਪਰਮਾਤਮਾ ਦੀ ਇੱਛਾ ਨੂੰ ਪੂਰਾ ਕਰ ਰਹੇ ਹੁੰਦੇ ਹਾਂ। ਰਿਸ਼ਤਿਆਂ ਦੀ ਸਫਲਤਾ ਵਿੱਚ ਸਬਰ ਅਤੇ ਸਮਝੌਤਾ ਸਭ ਤੋਂ ਮਹੱਤਵਪੂਰਨ ਹੈ। ਦਿਲਾਂ ਦੇ ਰਿਸ਼ਤੇ ਹਮੇਸ਼ਾਂ ਆਸਾਨੀ ਨਾਲ ਨਹੀਂ ਨਿਭਦੇ। ਕਈ ਵਾਰ ਗ਼ਲਤਫਹਿਮੀਆਂ, ਅਹੰਕਾਰ ਜਾਂ ਸਵਾਰਥ ਦੀ ਧੁੰਦ ਇਨ੍ਹਾਂ ਰਿਸ਼ਤਿਆਂ ਉੱਤੇ ਛਾ ਜਾਂਦੀ ਹੈ, ਪਰ ਜੇ ਅਸੀਂ ਇਨ੍ਹਾਂ ਨੂੰ ਪਰਮਾਤਮਾ ਦੀ ਬਖ਼ਸ਼ਿਸ਼ ਸਮਝ ਕੇ ਸੰਭਾਲੀਏ, ਤਾਂ ਅਸੀਂ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਾਂ। ਮੁਆਫ਼ੀ, ਦਿਲ ਦੀ ਪਵਿੱਤਰਤਾ ਅਤੇ ਨਿਰਲੇਪ ਪਿਆਰ ਨਾਲ ਹਰ ਰਿਸ਼ਤਾ ਦੁਬਾਰਾ ਫੁੱਲ ਸਕਦਾ ਹੈ। ਅਸਲ ਵਿੱਚ ਜੇ ਅਸੀਂ ਹਰ ਰਿਸ਼ਤੇ ਨੂੰ ਇਸ ਦ੍ਰਿਸ਼ਟੀਕੋਣ ਨਾਲ ਦੇਖੀਏ ਕਿ 'ਇਹ ਮੇਰੇ ਦੁਆਰਾ ਨਹੀਂ ਬਣਿਆ, ਸਗੋਂ ਪਰਮਾਤਮਾ ਨੇ ਮੇਰੇ ਲਈ ਚੁਣਿਆ ਹੈ' ਤਾਂ ਅਸੀਂ ਕਦੇ ਵੀ ਰਿਸ਼ਤਿਆਂ ਨੂੰ ਹਲਕੇ ਵਿੱਚ ਨਹੀਂ ਲੈਂਦੇ। ਅਸੀਂ ਉਨ੍ਹਾਂ ਦੀ ਇੱਜ਼ਤ ਕਰਦੇ ਹਾਂ, ਉਨ੍ਹਾਂ ਲਈ ਧੀਰਜ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਨਿਖਾਰਨ ਦੀ ਕੋਸ਼ਿਸ਼ ਕਰਦੇ ਹਾਂ।

ਸੰਤ ਮਹਾਪੁਰਖ ਵੀ ਸਾਨੂੰ ਸਿਖਾਉਂਦੇ ਹਨ ਕਿ ਹਰ ਰਿਸ਼ਤੇ ਵਿੱਚ ਪਰਮਾਤਮਾ ਨੂੰ ਵੇਖੋ। ਮਾਂ ਦੀ ਮਮਤਾ ਵਿੱਚ ਪਰਮਾਤਮਾ ਦੀ ਦਇਆ, ਪਿਤਾ ਦੀ ਸਰਪ੍ਰਸਤੀ ਵਿੱਚ ਪਰਮਾਤਮਾ ਦੀ ਰੱਖਿਆ, ਦੋਸਤ ਦੀ ਸੱਚੀ ਯਾਰੀ ਵਿੱਚ ਪਰਮਾਤਮਾ ਦੀ ਨਿਸ਼ਕਾਮਤਾ ਅਤੇ ਪਤੀ-ਪਤਨੀ ਦੇ ਪਿਆਰ ਵਿੱਚ ਪਰਮਾਤਮਾ ਦੀ ਰਚਨਾ ਨੂੰ ਸਮਝੋ। ਜਦੋਂ ਅਸੀਂ ਹਰ ਰਿਸ਼ਤੇ ਵਿੱਚ ਪਰਮਾਤਮਾ ਦੀ ਝਲਕ ਵੇਖਣ ਲੱਗ ਪੈਂਦੇ ਹਾਂ ਤਾਂ ਦੁੱਖ ਅਤੇ ਨਿਰਾਸ਼ਾ ਆਪਣੇ ਆਪ ਪਾਸੇ ਹੋ ਜਾਂਦੇ ਹਨ।

ਦਿਲ ਦੇ ਰਿਸ਼ਤੇ ਸਾਡੇ ਆਤਮਿਕ ਵਿਕਾਸ ਦਾ ਮੂਲ ਆਧਾਰ ਹਨ। ਇਹੀ ਸਿਖਾਉਂਦੇ ਹਨ ਕਿਵੇਂ ਅਹੰਕਾਰ ਨੂੰ ਛੱਡੀਏ, ਕਿਵੇਂ ਮੁਆਫ਼ ਕਰੀਏ, ਕਿਵੇਂ ਦਿਲ ਦੀ ਖ਼ੁਸ਼ੀ ਵਿੱਚ ਹੋਰ ਦੀ ਖ਼ੁਸ਼ੀ ਲੱਭੀਏ। ਰਿਸ਼ਤਿਆਂ ਦੀ ਸੰਭਾਲ ਕਰਨਾ ਇੱਕ ਤਪੱਸਿਆ ਵਰਗਾ ਹੈ, ਨਾ ਦਿਖਾਵਾ, ਨਾ ਹੀ ਬਦਲੇ ਦੀ ਆਸ, ਸਿਰਫ਼ ਨਿਰਲੋਭ ਪਿਆਰ।

ਦਿਲਾਂ ਦੇ ਰਿਸ਼ਤੇ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਸਿਰਫ਼ ਇਕੱਲੇ ਜੀਵ ਨਹੀਂ ਹਾਂ। ਸਾਡਾ ਜੀਵਨ ਇੱਕ ਦੂਜੇ ਨਾਲ ਜੁੜਿਆ ਹੋਇਆ ਹੈ। ਜਿਵੇਂ ਧਰਤੀ 'ਤੇ ਹਰੇਕ ਫੁੱਲ ਨੂੰ ਮਿੱਟੀ, ਪਾਣੀ, ਹਵਾ ਅਤੇ ਸੂਰਜ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਡੇ ਦਿਲ ਨੂੰ ਪਿਆਰ, ਸਮਝ, ਕਰੁਣਾ ਅਤੇ ਵਿਸ਼ਵਾਸ ਦੀ ਲੋੜ ਹੁੰਦੀ ਹੈ। ਦਿਲਾਂ ਦੇ ਰਿਸ਼ਤਿਆਂ ਰਾਹੀਂ ਜੀਵਨ ਦੇ ਅਸਲੀ ਸੁੱਖ ਦਾ ਅਰਥ ਸਮਝ ਆਉਂਦਾ ਹੈ।

ਜੇਕਰ ਪੂਰੀ ਦੁਨੀਆ ਦੇ ਇਨਸਾਨ ਆਪਸ ਵਿੱਚ ਦਿਲਾਂ ਦੇ ਰਿਸ਼ਤੇ ਜੋੜ ਲੈਣ ਤਾਂ ਧਰਮ ਦੇ ਨਾਮ 'ਤੇ ਦਿਲ ਕੰਬਾਊ ਘਟਨਾਵਾਂ ਕਦੇ ਨਾ ਵਾਪਰਨ। ਕਦੇ ਕੋਈ ਇਨਸਾਨ ਕਿਸੇ ਦੇ ਸਿਰ 'ਤੇ ਬੰਦੂਕ ਨਾ ਤਾਣੇ। ਕੁਦਰਤ ਦੀਆਂ ਬਣਾਈਆਂ ਖ਼ੂਬਸੂਰਤ ਵਾਦੀਆਂ ਕਦੇ ਵੀਰਾਨ ਨਾ ਹੋਣ। ਹਥਿਆਰਾਂ ਦੀ ਲੋੜ ਖ਼ਤਮ ਹੋ ਜਾਵੇ। ਹੱਦਾਂ ਤੇ ਸਰਹੱਦਾਂ ਦਾ ਝਗੜਾ ਨਿੱਬੜ ਜਾਵੇ। ਸਭ ਦਾ ਜੀਵਨ ਸੁਰੱਖਿਅਤ ਹੋ ਜਾਵੇ। ਕਦੇ ਕਦੇ ਆਪਣੇ ਆਪ ਨੂੰ ਇਹ ਸਵਾਲ ਕਰਕੇ ਠਠੰਬਰ ਜਾਂਦੀ ਹਾਂ ਕਿ ਕਿਉਂ ਇਨਸਾਨਾਂ ਵਿੱਚ ਪਿਆਰ ਤੋਂ ਵੱਡੀ ਨਫ਼ਰਤ ਹੋ ਗਈ ਹੈ? ਕਿਵੇਂ ਉਹ ਪਲ ਵਿੱਚ ਦੂਸਰਿਆਂ ਦੀ ਜ਼ਿੰਦਗੀ ਖੋਹ ਲੈਂਦੇ ਹਨ? ਕਿਵੇਂ ਕਿਸੇ ਦੇ ਖ਼ੂਬਸੂਰਤ ਪਲਾਂ ਨੂੰ ਦੁਖਦਾਇਕ ਬਣਾ ਦਿੰਦੇ ਹਨ?

ਇਨਸਾਨੀ ਰਿਸ਼ਤਾ ਅਜਿਹਾ ਹੋਵੇ ਜੋ ਖ਼ੁਦਗਰਜ਼ੀ ਤੋਂ ਉੱਪਰ ਉੱਠ ਕੇ ਜੀਵਨ ਦੀਆਂ ਔਖੀਆਂ ਘੜੀਆਂ ਨੂੰ ਆਸਾਨ ਬਣਾ ਦੇਵੇ। ਜਦੋਂ ਜੀਵਨ ਵਿੱਚ ਹੌਸਲਾ ਟੁੱਟ ਰਿਹਾ ਹੋਵੇ, ਤਦ ਇਹ ਰਿਸ਼ਤਾ ਇੱਕ ਆਸ ਦੀ ਕਿਰਨ ਬਣ ਕੇ ਸਾਡੇ ਮਨ ਨੂੰ ਹੌਸਲਾ ਦੇਵੇ। ਆਓ, ਹਰ ਰਿਸ਼ਤੇ ਨੂੰ ਪਰਮਾਤਮਾ ਦੀ ਅਨਮੋਲ ਬਖ਼ਸ਼ਿਸ਼ ਸਮਝ ਕੇ ਸੰਭਾਲੀਏ। ਦਿਲਾਂ ਵਿੱਚ ਪਿਆਰ ਦੀ ਜੋਤ ਜਗਾਈਏ, ਵਿਸ਼ਵਾਸ ਦੀ ਖੇਤੀ ਵਧਾਈਏ ਅਤੇ ਰੂਹਾਨੀ ਪਿਆਰ ਦੀ ਵਹਾਈ ਕਰੀਏ ਕਿਉਂਕਿ ਦਿਲ ਦੇ ਰਿਸ਼ਤੇ ਪਰਮਾਤਮਾ ਦੀ ਰਹਿਮਤ ਨਾਲ ਬਣਦੇ ਹਨ, ਉਹੀ ਸਾਡੀ ਰੂਹ ਨੂੰ ਅਸਲੀ ਆਨੰਦ ਦਿੰਦੇ ਹਨ।

## ਸੱਪ ਨਿਉਲੇ ਦੀ ਲੜਾਈ 'ਚ ਜਿੱਤ ਨਿਉਲੇ ਦੀ ਹੋਣੀ ਹੁੰਦੀ ਹੈ?

ਸਿੱਖਾਂ ਦੀ ਭਾਰਤੀ ਸਟੇਟ ਨਾਲ਼ ਪਿਛਲੇ 75 ਸਾਲ ਤੋਂ ਚੱਲ ਰਹੀ ਲੜਾਈ, ਸੱਪ ਤੇ ਨਿਉਲੇ ਦੀ ਲੜਾਈ ਵਾਂਗ ਹੈ। ਜਦੋਂ ਸੱਪ ਅਤੇ ਨਿਉਲੇ ਦੀ ਲੜਾਈ ਸ਼ੁਰੂ ਹੋ ਜਾਵੇ ਤਾਂ ਆਮ ਤੌਰ ਤੇ ਜਿੱਤਣਾ ਨਿਉਲੇ ਨੇ ਹੀ ਹੁੰਦਾ ਹੈ?

ਨਿਉਲੇ ਨੂੰ ਪਤਾ ਹੁੰਦਾ ਹੈ ਕਿ ਸੱਪ ਉਸਦਾ ਕੁੱਝ ਨਹੀਂ ਵਿਗਾੜ ਸਕਦਾ, ਵੱਧ ਤੋਂ ਵੱਧ ਥੋੜਾ ਜ਼ਖਮੀ ਕਰ ਸਕਦਾ ਹੈ। ਨਿਉਲਾ ਸੱਪ ਨੂੰ ਉਕਸਾਹਟ ਵਿੱਚ ਲਿਆਉਣ ਲਈ, ਸੱਜਿਉ ਖੱਬਿਉ ਘੁੰਮ ਕੇ ਸਿਰਫ ਛੇੜਦਾ ਹੀ ਹੈ। ਸਿੱਖਾਂ ਵੱਲੋਂ ਮੋਰਚਿਆਂ, ਧਰਨਿਆਂ ਜਾਂ ਖਾੜਕੂ ਮੂਵਮੈਂਟ ਰਾਹੀਂ ਭਾਰਤੀ ਸਟੇਟ ਨੂੰ ਪਾਈ ਜਾਂਦੀ ਵੰਗਾਰ, ਸੱਪ ਵੱਲੋਂ ਨਿਉਲੇ ਦੇ ਡੰਗ ਮਾਰਨ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ।

ਦੂਸਰੇ ਪਾਸੇ ਸੱਪ ਫੋਕੇ ਫਰਾਟੇ ਰੂਪੀ ਦਬਕੇ ਮਾਰਕੇ ਨਿਉਲੇ ਨੂੰ ਡਰਾਉਣਾ ਚਹੁੰਦਾ ਹੈ। ਜਦੋਂ ਕਿ ਇਹ ਸੱਪ ਦਾ ਇਕ ਵਹਿਮ ਹੁੰਦਾ ਹੈ, ਅੰਦਰੂਨੀ ਡਰ ਅਤੇ ਆਪਣੇ ਬਚਾਅ ਵਿੱਚ ਸੱਪ ਅਜਿਹਾ ਕਰਕੇ ਅਖੀਰ ਨਿਡਾਲ ਹੋ ਜਾਂਦਾ ਹੈ ਤੇ ਫਿਰ ਨਿਉਲਾ ਸੱਪ ਨੂੰ ਸਿਰੀ ਤੋਂ ਨੱਪ ਲੈਂਦਾ ਹੈ।

1947 ਤੋਂ ਸਿੱਖਾਂ ਵੱਲੋਂ ਕੀਤੇ ਸੰਘਰਸ਼ਾਂ ਤੇ ਖਾਸਕਰ 1982 ਤੋਂ 1995 ਤੱਕ ਲੜੇ ਖਾੜਕੂ ਸੰਘਰਸ਼ ਵਿੱਚ ਜਿਤਨਾ ਨੁਕਸਾਨ ਸਿੱਖਾਂ ਦਾ ਹੋਇਆ ਹੈ, ਉਸ ਤੋਂ ਬਾਅਦ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੂੰ ਵਿਚਾਰਨ ਦੀ ਲੋੜ ਸੀ ਕਿ ਮਾਡਰਨ ਤਾਕਤਵਰ ਨੇਸ਼ਨ ਸਟੇਟ ਖਿਲਾਫ ਹਿੰਸਕ ਹਥਿਆਰਬੰਦ ਖਾੜਕੂ ਸੰਘਰਸ਼ ਕਿਤਨਾ ਕੁ ਵਾਜਿਬ ਸੀ ਜਾਂ ਕੀ ਅਜਿਹੇ ਸੰਘਰਸ਼ ਭਵਿੱਖ ਵਿੱਚ ਲੜਨ ਦੇ ਕੋਈ ਲਾਭ ਹੋ ਸਕਦੇ ਹਨ?

ਪਰ ਬਦਕਿਸਮਤੀ ਨਾਲ਼ ਪਿਛਲੇ 30 ਸਾਲਾਂ ਵਿੱਚ ਅਜਿਹਾ ਕੋਈ ਯਤਨ ਨਜ਼ਰ ਨਹੀਂ ਆਇਆ? ਸਗੋਂ ਦੇਸ਼-ਵਿਦੇਸ਼ ਵਿੱਚ ਬੈਠੇ ਕੁਝ ਲੋਕ ਆਪਣੇ ਸੌੜੇ ਰਾਜਸੀ, ਆਰਥਿਕ ਤੇ ਨਿੱਜੀ ਚੌਧਰ ਦੇ ਹਿੱਤਾਂ ਲਈ ਨੌਜਵਾਨੀ ਨੂੰ ਸਿੱਕ ਵਾਰ ਫਿਰ ਹਿੰਸਕ ਸੰਘਰਸ਼ ਲਈ ਉਕਸਾ ਰਹੇ ਹਨ ਜਿਸਦੇ ਨਤੀਜੇ ਸ਼ਾਇਦ ਪਹਿਲਾਂ ਤੋਂ ਵੀ ਭਿਆਨਕ ਨਿਕਲਣ?

ਸਾਡੇ ਲੀਡਰ ਬਿਨਾਂ ਕਿਸੇ ਦੂਰ-ਅੰਦੇਸੀ ਜਾਂ ਪਲੈਨਿੰਗ ਦੇ ਕੌਮ ਨੂੰ ਮੋਰਚਿਆਂ ਸੰਘਰਸ਼ਾਂ ਵਿੱਚ ਝੋਕੀ ਰੱਖਦੇ ਹਨ। ਸੁਹਿਰਦਤਾ ਤੇ ਦੂਰ-ਅੰਦੇਸ਼ੀ ਦੀ ਘਾਟ ਕਾਰਨ ਜਦੋਂ ਅਸਫਲ ਹੋ ਜਾਂਦੇ ਹਨ ਤਾਂ ਵਿਤਕਰਿਆਂ ਤੇ ਗੁਲਾਮੀ ਦੇ ਝੂਠੇ ਬਿਰਤਾਂਤ ਸਿਰਜਦੇ ਹਨ। ਜਿਸ ਤੋਂ ਜਜ਼ਬਾਤੀ ਨੌਜਵਾਨੀ ਗੁੰਮਰਾਹ ਹੋ ਕੇ ਵਾਰ-ਵਾਰ ਆਪਣਾ ਤੇ ਸਾਰੀ ਸਿੱਖ ਕਮਿਉਨਿਟੀ ਦਾ ਨੁਕਸਾਨ ਕਰਵਾਉਂਦੇ ਹਨ।

ਸ਼ਹੀਦੀਆਂ, ਕੁਰਬਾਨੀਆਂ, ਮੋਰਚੇ ਕਿਸੇ ਮਸਲੇ ਦਾ ਹੱਲ ਨਹੀਂ, ਜੇ ਸਾਡੇ ਕੋਲ਼ ਕੋਈ ਪਲੈਨ ਨਹੀਂ ਤੇ ਲੋਕ ਪੱਖੀ ਮਕਸਦ ਨਹੀਂ। ਹੁਣ ਲੋਕਾਂ ਨੂੰ ਸੋਚਣਾ ਪੈਣਾ ਹੈ ਕਿ ਵਿਕਾਊ ਤੇ ਨਿੱਜੀ ਚੌਧਰਾਂ ਦੀ ਬੀਮਾਰ ਮਾਨਸਿਕਤਾ ਵਿੱਚ ਗ੍ਰੱਸੇ ਦੇਸ਼-ਵਿਦੇਸ਼ ਦੇ ਲੀਡਰਾਂ ਮਗਰ ਲੱਗ ਕੇ ਵਾਰ-ਵਾਰ ਨੁਕਸਾਨ ਕਰਾਉਂਦੇ ਰਹਿਣਾ ਹੈ ਜਾਂ ਆਪਣੇ ਭਾਈਚਾਰੇ ਦੇ ਚੰਗੇ ਭਵਿੱਖ ਲਈ ਆਪਣੀ ਜ਼ੁੰਮੇਵਾਰੀ ਆਪ ਚੁੱਕਣੀ ਹੈ।

ਹਰਚਰਨ ਪ੍ਰਹਾਰ

## 'ਦੇਸ਼ ਨੂੰ ਤੁਹਾਡੇ 'ਤੇ ਮਾਣ...'

# ਨੀਰਜ ਚੋਪੜਾ ਨੇ ਪਹਿਲੀ ਵਾਰ ਸੁੱਟਿਆ 90 ਮੀਟਰ ਥਰੋਅ

## ਪ੍ਰਧਾਨ ਮੰਤਰੀ ਮੋਦੀ ਨੇ ਦਿੱਤੀ ਵਧਾਈ



ਭਾਰਤ ਦੇ ਸਟਾਰ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਦੋਹਾ ਡਾਇਮੰਡ ਲੀਗ ਵਿੱਚ 90.23 ਮੀਟਰ ਦੀ ਦੂਰੀ 'ਤੇ ਜੈਵਲਿਨ ਸੁੱਟਿਆ। ਉਸ ਨੇ ਇਸ ਥ੍ਰੋਅ ਨਾਲ ਇਤਿਹਾਸ ਰਚ ਦਿੱਤਾ। ਉਸ ਨੇ ਪਹਿਲੀ ਕੋਸ਼ਿਸ਼ ਵਿੱਚ 88.44 ਮੀਟਰ ਦਾ ਸਕੋਰ ਕੀਤਾ, ਜਦੋਂ ਕਿ ਦੂਜਾ ਥ੍ਰੋਅ ਅਵੈਧ ਘੋਸ਼ਿਤ ਕਰ ਦਿੱਤਾ ਗਿਆ ਫਿਰ ਨੀਰਜ ਨੇ ਤੀਜੀ ਕੋਸ਼ਿਸ਼ ਵਿੱਚ ਆਪਣੇ ਕਰੀਅਰ ਦਾ ਸਭ ਤੋਂ ਵਧੀਆ ਥ੍ਰੋਅ ਕੀਤਾ। ਤੀਜੀ ਕੋਸ਼ਿਸ਼ ਵਿੱਚ ਉਸ ਨੇ 90.23 ਮੀਟਰ ਤੱਕ ਜੈਵਲਿਨ ਸੁੱਟਿਆ।

ਉਸ ਨੇ ਪਹਿਲੀ ਵਾਰ 90 ਮੀਟਰ ਦਾ ਅੰਕੜਾ ਪਾਰ ਕੀਤਾ ਹੈ। ਹਾਲਾਂਕਿ ਉਹ ਲੀਗ ਵਿੱਚ ਦੂਜੇ ਸਥਾਨ 'ਤੇ ਰਿਹਾ। ਜਰਮਨੀ ਦੇ ਜੂਲੀਅਨ ਵੇਬਰ ਨੇ 91.06 ਮੀਟਰ ਦੀ ਥਰੋਅ ਨਾਲ ਪਹਿਲਾ ਸਥਾਨ ਹਾਸਲ ਕੀਤਾ। ਇਸ ਦੇ ਨਾਲ ਹੀ ਨੀਰਜ 90 ਮੀਟਰ ਦੀ ਥਰੋਅ ਨਾਲ ਦੁਨੀਆ ਦਾ 25ਵਾਂ ਅਤੇ ਏਸ਼ੀਆ ਦਾ ਤੀਜਾ ਖਿਡਾਰੀ ਬਣ ਗਿਆ। ਇਸ ਤੋਂ ਪਹਿਲਾਂ ਉਸ ਦਾ ਸਭ ਤੋਂ ਵਧੀਆ ਥਰੋਅ 89.94 ਮੀਟਰ ਸੀ, ਜੋ ਉਸ ਨੇ 2022 ਡਾਇਮੰਡ ਲੀਗ ਵਿੱਚ ਪ੍ਰਾਪਤ ਕੀਤਾ ਸੀ।



### ਪੀ.ਐੱਮ ਮੋਦੀ ਨੇ ਨੀਰਜ ਚੋਪੜਾ ਨੂੰ ਦਿੱਤੀ ਵਧਾਈ

ਦੋਹਾ ਡਾਇਮੰਡ ਲੀਗ ਵਿੱਚ ਭਾਰਤ ਦੇ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਜਾਦੂਈ ਅੰਕੜਾ ਪਾਰ ਕੀਤਾ। ਉਸ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਦੀ ਬਹੁਤ ਪ੍ਰਸ਼ੰਸਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਨੀਰਜ ਚੋਪੜਾ ਲਈ ਆਪਣੇ ਸਾਬਕਾ ਪ੍ਰੇਮਿਕਾ ਨੂੰ ਲਿਖਿਆ,"ਸ਼ਾਨਦਾਰ ਪ੍ਰਾਪਤੀ! ਨੀਰਜ ਚੋਪੜਾ ਨੂੰ 90 ਮੀਟਰ ਦਾ ਅੰਕੜਾ ਪਾਰ ਕਰਨ ਅਤੇ ਦੋਹਾ ਡਾਇਮੰਡ ਲੀਗ 2025 ਵਿੱਚ ਆਪਣਾ ਨਿੱਜੀ ਸਰਵੋਤਮ ਥਰੋਅ ਪ੍ਰਾਪਤ ਕਰਨ ਲਈ ਵਧਾਈਆਂ। ਇਹ ਉਸ ਦੇ ਅਣਥੱਕ ਸਮਰਪਣ, ਅਨੁਸ਼ਾਸਨ ਅਤੇ ਜਨੂੰਨ ਦਾ ਨਤੀਜਾ ਹੈ। ਭਾਰਤ ਤੁਹਾਡੇ 'ਤੇ ਖੁਸ਼ ਅਤੇ ਮਾਣ ਕਰਦਾ ਹੈ।"

### ਮੈਚ ਤੋਂ ਬਾਅਦ ਨੀਰਜ ਚੋਪੜਾ ਨੇ ਕੀ ਕਿਹਾ?

ਦੋਹਾ ਡਾਇਮੰਡ ਲੀਗ 2025 ਵਿੱਚ ਚਾਂਦੀ ਦਾ ਤਗਮਾ ਜਿੱਤਣ ਤੋਂ ਬਾਅਦ ਨੀਰਜ ਨੇ ਕਿਹਾ ਕਿ ਮੈਂ ਬਹੁਤ ਖੁਸ਼ ਹਾਂ ਕਿ ਮੈਂ ਆਖਰਕਾਰ 90 ਮੀਟਰ ਦਾ ਅੰਕੜਾ ਪਾਰ ਕਰ ਲਿਆ ਹੈ। ਇਹ ਮੇਰੇ ਲਈ ਇੱਕ ਸੁਪਨਾ ਸੀ ਅਤੇ ਮੈਂ ਇਸ ਲਈ ਬਹੁਤ ਮਿਹਨਤ ਕੀਤੀ ਹੈ। ਹੁਣ ਮੇਰੀਆਂ ਨਜ਼ਰਾਂ ਅਗਲੇ ਓਲੰਪਿਕ ਅਤੇ ਵਿਸ਼ਵ ਚੈਂਪੀਅਨਸ਼ਿਪਾਂ 'ਤੇ ਹਨ।

### ਡਾਇਮੰਡ ਲੀਗ 'ਚ ਨੀਰਜ ਦਾ ਪ੍ਰਦਰਸ਼ਨ

ਨੀਰਜ ਚੋਪੜਾ ਦਾ ਡਾਇਮੰਡ ਲੀਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ। ਉਸ ਨੇ ਇੱਕ ਸੋਨ ਤਗਮਾ ਅਤੇ ਦੋ ਚਾਂਦੀ ਦੇ ਤਗਮੇ ਜਿੱਤੇ ਹਨ। ਉਸ ਨੇ 2023 ਅਤੇ 2024 ਵਿੱਚ ਚਾਂਦੀ ਅਤੇ 2022 ਵਿੱਚ ਸੋਨ ਤਮਗਾ ਜਿੱਤਿਆ। ਨੀਰਜ ਨੇ ਦੋਹਾ ਡਾਇਮੰਡ ਲੀਗ ਵਿੱਚ ਚੰਗੀ ਸ਼ੁਰੂਆਤ ਕੀਤੀ। ਉਸ ਨੇ ਆਪਣੀ ਪਹਿਲੀ ਕੋਸ਼ਿਸ਼ ਵਿੱਚ 88.44 ਮੀਟਰ ਸੁੱਟਿਆ। ਇਸ ਤੋਂ ਬਾਅਦ ਦੂਜਾ ਥਰੋਅ ਡਿੱਗਿਆ। ਨੀਰਜ ਨੇ ਤੀਜੀ ਕੋਸ਼ਿਸ਼ ਵਿੱਚ 90.23 ਮੀਟਰ, ਚੌਥੀ ਕੋਸ਼ਿਸ਼ ਵਿੱਚ 80.56 ਮੀਟਰ ਸੁੱਟਿਆ ਜਦੋਂ ਕਿ ਪੰਜਵੀਂ ਕੋਸ਼ਿਸ਼ ਡਿੱਗਣ ਨਾਲ ਖਤਮ ਹੋਈ। ਨੀਰਜ ਨੇ ਛੇਵੇਂ ਅਤੇ ਆਖਰੀ ਥਰੋਅ ਵਿੱਚ 88.20 ਮੀਟਰ ਸੁੱਟਿਆ।

# ਰੋਹਿਤ ਸ਼ਰਮਾ ਨੇ 'ਯੁਵਰਾਜ' ਨੂੰ ਗਿਫ਼ਟ ਕੀਤੀ ਆਪਣੀ ਲੈਂਬੋਰਗਿਨੀ




ਮੁੰਬਈ ਇੰਡੀਅਨਜ਼ ਦੇ ਸਟਾਰ ਬੱਲੇਬਾਜ਼ ਰੋਹਿਤ ਸ਼ਰਮਾ ਨੇ ਸੋਮਵਾਰ ਨੂੰ ਇੱਕ ਕਲਪਨਾ ਕ੍ਰਿਕਟ ਮੁਕਾਬਲੇ ਦੇ ਜੇਤੂ ਨੂੰ ਲੈਂਬੋਰਗਿਨੀ ਉਰਸ ਤੋਹਫ਼ੇ ਵਜੋਂ ਦਿੱਤਾ। ਰੋਹਿਤ ਸ਼ਰਮਾ ਨੂੰ ਕਈ ਵਾਰ ਮੁੰਬਈ ਦੀਆਂ ਗਲੀਆਂ ਵਿੱਚ ਆਪਣੀ ਨੀਲੀ ਲੈਂਬੋਰਗਿਨੀ ਵਿੱਚ ਘੁੰਮਦੇ ਦੇਖਿਆ ਗਿਆ ਹੈ। ਉਸਨੇ ਕਾਰ ਦੀਆਂ ਚਾਬੀਆਂ ਇੱਕ ਜੇਤੂ ਨੂੰ ਸੌਂਪ ਦਿੱਤੀਆਂ।

ਰੋਹਿਤ ਸ਼ਰਮਾ ਦੀ ਲੈਂਬੋਰਗਿਨੀ ਕਾਰ ਦਾ ਰਜਿਸਟ੍ਰੇਸ਼ਨ ਨੰਬਰ 264 ਹੈ, ਜੋ ਕਿ 'ਹਿੱਟਮੈਨ' ਲਈ ਬਹੁਤ ਖਾਸ ਹੈ। ਰੋਹਿਤ ਸ਼ਰਮਾ ਦਾ ਵਨਡੇ ਫਾਰਮੈਟ ਵਿੱਚ ਸਭ ਤੋਂ ਵਧੀਆ ਸਕੋਰ ਵੀ 264 ਦੌੜਾਂ ਹਨ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਕਾਰ ਨੰਬਰ ਮਿਲਿਆ। ਇਹ ਜਾਣਿਆ ਜਾਂਦਾ ਹੈ ਕਿ ਰੋਹਿਤ ਸ਼ਰਮਾ ਦੀ ਲੈਂਬੋਰਗਿਨੀ ਦੀ ਕੀਮਤ ਲਗਭਗ 4.5 ਕਰੋੜ ਰੁਪਏ ਹੈ ਅਤੇ ਇਹ ਸਾਲਾਂ ਤੋਂ ਪ੍ਰਸ਼ੰਸਕਾਂ ਦੀ ਪਸੰਦੀਦਾ ਕਾਰ ਰਹੀ ਹੈ।

### ਰੋਹਿਤ ਨੇ ਆਪਣਾ ਵਾਅਦਾ ਨਿਭਾਇਆ

ਤੁਹਾਨੂੰ ਯਾਦ ਦਿਵਾਉਂਦੇ ਹਾਂ ਕਿ ਆਈਪੀਐਲ 2025 ਦੀ ਸ਼ੁਰੂਆਤ ਵਿੱਚ, ਰੋਹਿਤ ਸ਼ਰਮਾ ਨੇ ਇੱਕ ਇਸ਼ਤਿਹਾਰ ਮੁਹਿੰਮ ਦੌਰਾਨ ਆਪਣੀ ਕਾਰ ਤੋਹਫ਼ੇ ਵਿੱਚ ਦੇਣ ਦਾ ਵਾਅਦਾ ਕੀਤਾ ਸੀ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ।

ਇਸ ਇਸ਼ਤਿਹਾਰ ਦੇ ਦੋ ਹਿੱਸੇ ਸਨ। ਪਹਿਲੇ ਹਿੱਸੇ ਵਿੱਚ ਰੋਹਿਤ ਸ਼ਰਮਾ ਭਾਵੁਕ ਹੁੰਦੇ ਹੋਏ ਅਤੇ ਇੱਕ ਕਾਰ ਤੋਹਫ਼ੇ ਵਜੋਂ ਦੇਣ ਬਾਰੇ ਗੱਲ ਕਰਦੇ ਹੋਏ ਦਿਖਾਇਆ ਗਿਆ ਸੀ ਅਤੇ ਦੂਜੇ ਹਿੱਸੇ ਵਿੱਚ ਉਸਦੇ ਪ੍ਰਸ਼ੰਸਕ ਨੂੰ ਉਰਸ ਲੈ ਕੇ ਜਾਂਦੇ ਹੋਏ ਦਿਖਾਇਆ ਗਿਆ ਸੀ ਜਦੋਂ ਕਿ ਭਾਰਤੀ ਕਪਤਾਨ ਨੂੰ ਇੱਕ ਆਟੋ ਵਿੱਚ ਘਰ ਵਾਪਸ ਜਾਣਾ ਪਿਆ।

ਸ਼ੁਰੂ ਵਿੱਚ ਪ੍ਰਸ਼ੰਸਕ ਉਲਝਣ ਵਿੱਚ ਸਨ ਕਿ ਰੋਹਿਤ ਸ਼ਰਮਾ ਆਪਣੀ ਕਾਰ ਦੇਵੇਗਾ ਜਾਂ ਨਵੀਂ ਕਾਰ ਤੋਹਫ਼ੇ ਵਿੱਚ ਦੇਵੇਗਾ। ਹਾਲਾਂਕਿ, ਸੋਮਵਾਰ ਨੂੰ ਆਏ ਵਿਜ਼ੂਅਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ 'ਮੁੰਬਈ ਚਾ ਰਾਜਾ' ਨੇ ਆਪਣਾ ਵਾਅਦਾ ਨਿਭਾਇਆ। ਤੁਹਾਨੂੰ ਦੱਸ ਦੇਈਏ ਕਿ ਕਾਰ ਜਿੱਤਣ ਵਾਲੇ ਵਿਅਕਤੀ ਦਾ ਨਾਮ ਯੁਵਰਾਜ ਹੈ।

### ਪਲੇਆਫ ਲਈ ਲੜਾਈ

ਤੁਹਾਨੂੰ ਦੱਸ ਦੇਈਏ ਕਿ ਮੁੰਬਈ ਇੰਡੀਅਨਜ਼ ਨੇ ਆਈਪੀਐਲ 2025 ਵਿੱਚ ਹੌਲੀ ਸ਼ੁਰੂਆਤ ਤੋਂ ਬਾਅਦ ਆਪਣੇ ਗੇਅਰ ਬਦਲੇ ਅਤੇ ਪਲੇਆਫ ਦੀ ਦੌੜ ਵਿੱਚ ਸ਼ਾਮਲ ਹੋ ਗਿਆ। ਮੁੰਬਈ ਨੇ ਆਪਣੇ ਯਤਨ ਇੰਨੇ ਜ਼ੋਰਦਾਰ ਕੀਤੇ ਕਿ ਉਸਨੂੰ ਹਰਾਉਣਾ ਮੁਸ਼ਕਲ ਹੋ ਗਿਆ। ਐਮਆਈ ਦੇ 12 ਮੈਚਾਂ ਵਿੱਚ 14 ਅੰਕ ਹਨ ਅਤੇ ਪਲੇਆਫ ਵਿੱਚ ਪਹੁੰਚਣ ਲਈ ਉਸਨੂੰ ਆਪਣੇ ਅਗਲੇ ਦੋਵੇਂ ਮੈਚ ਜਿੱਤਣ ਦੀ ਲੋੜ ਹੈ।

ਵੈਸੇ, ਮੁੰਬਈ ਇੰਡੀਅਨਜ਼ ਦਾ ਸਾਹਮਣਾ ਪਲੇਆਫ ਦੀ ਦੌੜ ਵਿੱਚ ਦਿੱਲੀ ਕੈਪੀਟਲਜ਼ ਅਤੇ ਲਖਨਊ ਸੁਪਰਜਾਇੰਟਸ ਨਾਲ ਹੈ। ਗੁਜਰਾਤ ਟਾਈਟਨਸ, ਰਾਇਲ ਚੈਲੇਂਜਰਸ ਬੰਗਲੌਰ ਅਤੇ ਪੰਜਾਬ ਕਿੰਗਜ਼ ਪਹਿਲਾਂ ਹੀ ਪਲੇਆਫ ਲਈ ਕੁਆਲੀਫਾਈ ਕਰ ਚੁੱਕੇ ਹਨ। ਮੁੰਬਈ ਆਪਣਾ ਅਗਲਾ ਮੈਚ ਬੁੱਧਵਾਰ ਨੂੰ ਵਾਨਖੇੜੇ ਸਟੇਡੀਅਮ ਵਿੱਚ ਦਿੱਲੀ ਵਿਰੁੱਧ ਖੇਡੇਗੀ।

# ਅੱਖੀ ਵੇਖਿਆ ਆਸਟਰੇਲੀਆ ਦਾ ਖੇਡ ਸਿਸਟਮ,

## ਡਿਰੁਇਨ ਬੈਡਮਿੰਟਨ ਹਾਲ ਦਾ ਕੀਤਾ ਦੌਰਾ








ਅਸੀਂ ਪੰਜਾਬ ਵਾਲੇ ਜਾਂ ਭਾਰਤ ਵਾਲੇ ਕਦੇ ਵੀ ਬਾਹਰਲੇ ਮੁਲਕਾਂ ਦੇ ਖੇਡ ਸਿਸਟਮ ਦਾ ਮੁਕਾਬਲਾ ਨਹੀਂ ਕਰ ਸਕਦੇ, ਖਾਸ ਕਰਕੇ ਆਸਟਰੇਲੀਆ ਭਾਰਤ ਦੇ ਮੁਕਾਬਲੇ ਖੇਡਾਂ ਦੇ ਵਿੱਚ ਲੱਖਾਂ ਕੋਹਾਂ ਅੱਗੇ ਹੈ, ਇਸ ਕਰਕੇ ਅਸੀਂ ਆਮ ਹੀ ਇਹਨਾਂ ਨੂੰ ਵੱਖ ਵੱਖ ਖੇਡ ਮੁਕਾਬਲਿਆਂ ਵਿੱਚ ਹਾਰ ਜਾਂਦੇ ਹਾਂ। ਪਰ ਹੈਰਾਨਗੀ ਇਸ ਗੱਲ ਤੇ ਹੁੰਦੀ ਹੈ ਕਿ ਜਦੋਂ ਅਸੀਂ ਇਹਨਾਂ ਨੂੰ ਹਾਕੀ ਕ੍ਰਿਕਟ ਜਾਂ ਹੋਰ ਖੇਡਾਂ ਵਿੱਚ ਹਰਾ ਦਿੰਦੇ ਹਾਂ, ਪਰ ਵਿਕਸਿਤ ਖੇਡ ਢਾਂਚੇ ਵਜੋਂ ਅਸੀਂ ਇਹਨਾਂ ਦੇ ਮੁਕਾਬਲੇ ਜੀਰੋ ਹਾਂ ।

ਅੱਜ ਮੈਂ ਆਪਣੇ ਸਾਥੀ ਬੁਤਾਲੇ ਵਾਲੇ ਨਵਦੀਪ ਬੱਲ ਦੇ ਨਾਲ ਡਿਰੁਇਨ ਬੈਡਮਿੰਟਨ ਸੈਂਟਰ ਦਾ ਦੌਰਾ ਕੀਤਾ ਜੋ ਕਿ ਇੱਕ ਪਿੰਡ ਦਾ ਬੈਡਮਿੰਟਨ ਖੇਡ ਸਟੇਡੀਅਮ ਹੈ ਪਰ ਉਸ ਬੈਡਮਿੰਟਨ ਹਾਲ ਦੀਆਂ ਸਹੂਲਤਾਂ ਦੇਖ ਕੇ ਇਹ ਲੱਗਿਆ ਕਿ ਸਾਡੇ ਅੰਤਰਾਸ਼ਟਰੀ ਪੱਧਰ ਤੇ ਖੇਡ ਸਟੇਡੀਅਮ ਵਿੱਚ ਵੀ ਉਸ ਤਰਾਂ ਦੀਆਂ ਸਹੂਲਤਾਂ ਨਹੀਂ ਹੁੰਦੀਆਂ ਹਨ।

1939 ਵਿੱਚ ਬਣੇ ਬੈਡਮਿੰਟਨ ਸੈਂਟਰ ਦੀ ਸਥਾਪਨਾ ਹੋਈ। ਇੱਥੋਂ ਦੀ ਨਾਮੀ ਅੰਤਰਰਾਸ਼ਟਰੀ ਪੱਧਰ ਦੀ ਬੈਡਮਿੰਟਨ ਪਲੇਅਰ ਕੈਰਨ ਦੀ ਮਾਂ ਦੇ ਨਾਮ ਦੇ ਉੱਤੇ ਇਹ ਬੈਡਮਿੰਟਨ ਸੈਂਟਰ ਦੀ ਸਥਾਪਨਾ ਹੋਈ। ਜਿਸ ਵਿੱਚ ਇਥੇ ਵਸਦੀਆਂ ਸਾਰੀਆਂ ਕੌਮਾਂ ਦੇ ਬੱਚੇ ਬੈਡਮਿੰਟਨ ਦੀ ਟਰੇਨਿੰਗ ਲੈਂਦੇ ਹਨ। ਜਿਨਾਂ ਨੂੰ ਕੋਚ ਪੋਲ ਯੰਗ (Paul Young) ਟ੍ਰੇਨਿੰਗ ਦਿੰਦੇ ਹਨ। ਸਭ ਤੋਂ ਵਧੀਆ ਗੱਲ ਇਹ ਹੈ ਕਿ ਸਿੱਖ ਬੱਚੇ ਵੀ ਇਸ ਬੈਡਮਿੰਟਨ ਟ੍ਰੇਨਿੰਗ ਸੈਂਟਰ ਵਿੱਚ ਟ੍ਰੇਨਿੰਗ ਲੈ ਰਹੇ ਹਨ। ਜਿੰਨਾ ਵਿੱਚ ਅੰਮ੍ਰਿਤ ਸਿੰਘ ਬੱਲ ਅਤੇ ਨੌ ਨਿਹਾਲ ਸਿੰਘ ਬੱਲ ਵਧੀਆ ਟ੍ਰੇਨਿੰਗ ਲੈ ਰਹੇ ਹਨ। ਸਾਰੀਆਂ ਕੌਮਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਆਪਣੇ ਬੱਚਿਆਂ ਨੂੰ ਹੱਲਾਸ਼ੇਰੀ ਦੇਣ ਅਤੇ ਅੱਗੇ ਵਧਣ ਲਈ ਆਉਂਦੇ ਹਨ। ਦੂਸਰੇ ਪਾਸੇ ਸਾਡਾ ਭਾਰਤ ਸਾਡਾ ਪੰਜਾਬ ਜਾਤਾਂ ਪਾਤਾਂ, ਧਰਮਾਂ, ਅਮੀਰ ਗਰੀਬਾਂ ਵਿੱਚ ਵੰਡਿਆ ਪਿਆ ਜਦਕਿ ਇਹ ਮੁਲਕ ਸਿਰਫ ਤੇ ਸਿਰਫ ਇਨਸਾਨੀਅਤ ਦੀ ਗੱਲ ਕਰਦਾ ਹਨ ਅਤੇ ਇਨਸਾਨੀਅਤ ਦੀ ਕਦਰ ਕਰਦਾ ਹਨ। ਖੇਡਾਂ ਦੇ ਦੁਨੀਆ ਵਿੱਚ ਹਰ ਇੱਕ ਨੂੰ ਬਰਾਬਰ ਸਮਝਨਾਂ ਉਥੇ ਖੇਡਾਂ ਦੇ ਖੇਤਰ ਵਿੱਚ ਸਿਰਫ ਖੇਡ ਹੁਨਰ ਦੀ ਹੀ ਵਕਾਲਤ ਹੁੰਦੀ ਹੈ, ਭਾਵੇਂ ਉਹ ਕਿਸੇ ਵੀ ਕੌਮ ਦਾ ਹੋਵੇ, ਕਿਸੇ ਵੀ ਦੇਸ਼ ਦਾ ਹੋਵੇ। ਗੁਰੂ ਭਲੀ ਕਰੇ ਹਰ ਮੁਲਕ ਵਿੱਚ ਇਸ ਤਰਾਂ ਦੀ ਖੇਡ ਪ੍ਰਣਾਲੀ ਹੋਵੇ ਪਰ ਜੇ ਕਿਤੇ ਪੰਜਾਬ ਦੇ ਵਿੱਚ ਆਸਟਰੇਲੀਆ ਵਰਗਾ ਖੇਡ ਸਿਸਟਮ ਆ ਜਾਵੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਖਿਡਾਰੀ ਦੁਨੀਆਂ ਦੀਆਂ ਖੇਡਾਂ ਵਿੱਚ ਰਾਜ ਕਰਨਗੇ। ਪੰਜਾਬ ਦੀਆਂ ਖੇਡਾਂ ਅਤੇ ਪੰਜਾਬ ਦੇ ਖਿਡਾਰੀਆ ਦਾ ਰੱਬ ਰਾਖਾ !

ਜਗਰੂਪ ਸਿੰਘ ਜਰਖੜ, ਖੇਡ ਲੇਖਕ, 98143-00722

# ਭਾਰਤ ਦੇ ਏਸ਼ੀਆ ਕੱਪ 'ਚ ਹਿੱਸਾ ਨਾ ਲੈਣ ਦੇ ਦਾਅਵੇ ਬੀਸੀਸੀਆਈ ਵੱਲੋਂ ਖਾਰਜ




ਬੀਸੀਸੀਆਈ ਦੇ ਸਕੱਤਰ ਦੇਵਜੀਤ ਸੈਕੀਆ ਨੇ ਅੱਜ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਮੱਦੇਨਜ਼ਰ ਇਸ ਸਾਲ ਦੇ ਏਸ਼ੀਆ ਕੱਪ ਅਤੇ ਮਹਿਲਾ ਅਮਰਜਿੰਗ ਏਸ਼ੀਆ ਕੱਪ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ।

ਹਾਲੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਬੀਸੀਸੀਆਈ ਨੇ ਅਗਲੇ ਮਹੀਨੇ ਸ੍ਰੀਲੰਕਾ ਵਿੱਚ ਹੋਣ ਵਾਲੇ ਮਹਿਲਾ ਅਮਰਜਿੰਗ ਟੀਮ ਏਸ਼ੀਆ ਕੱਪ ਅਤੇ ਸਤੰਬਰ ਵਿੱਚ ਹੋਣ ਵਾਲੇ ਪੁਰਸ਼ ਏਸ਼ੀਆ ਕੱਪ ਤੋਂ ਹਟਣ ਦੇ ਆਪਣੇ ਫੈਸਲੇ ਬਾਰੇ ਏਸ਼ੀਅਨ ਕ੍ਰਿਕਟ ਕੌਂਸਲ (ਏਸੀਸੀ) ਨੂੰ ਸੂਚਿਤ ਕਰ ਦਿੱਤਾ ਹੈ।

ਸੈਕੀਆ ਨੇ ਇਨ੍ਹਾਂ ਰਿਪੋਰਟਾਂ ਦਾ ਖੰਡਨ ਕਰਦਿਆਂ ਦਾਅਵਾ ਕੀਤਾ ਕਿ ਬੀਸੀਸੀਆਈ ਨੇ ਅਜਿਹੀ ਗੱਲਬਾਤ ਨਹੀਂ ਕੀਤੀ ਹੈ ਅਤੇ ਨਾ ਹੀ ਏਸੀਸੀ ਸਮਾਗਮਾਂ ਬਾਰੇ ਕੋਈ ਕਦਮ ਚੁੱਕੇ ਹਨ। ਬੀਸੀਸੀਆਈ ਸਕੱਤਰ ਨੇ ਰਿਪੋਰਟਾਂ ਨੂੰ ਗਲਤ ਕਰਾਰ ਦਿੱਤਾ ਹੈ।







